




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Reg No: AAG1353 | Ludhiana, Saturday 21 March, 2026 | website: www.cee7news.com


## ਲੁਧਿਆਣਾ ਵਿਖੇ ਟਾਟਾ ਸਟੀਲ ਦੇ ਅਤਿ-ਆਧੁਨਿਕ ਗ੍ਰੀਨ ਸਟੀਲ ਪਲਾਂਟ ਦਾ ਉਦਘਾਟਨ ਕੀਤਾ ਹੈ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਵਿਖੇ ਟਾਟਾ ਸਟੀਲ ਦੇ ਅਤਿ-ਆਧੁਨਿਕ ਗ੍ਰੀਨ ਸਟੀਲ ਪਲਾਂਟ ਦਾ ਉਦਘਾਟਨ ਕੀਤਾ ਹੈ। ਇਹ ਪਲਾਂਟ ਲੁਧਿਆਣਾ ਦੇ ਹਾਈ-ਟੈਕ ਵੈਲੀ ਖੇਤਰ ਵਿੱਚ ਲਗਭਗ 115 ਏਕੜ ਜ਼ਮੀਨ 'ਤੇ ਸਥਿਤ ਹੈ ਅਤੇ ਇਸ ਨੂੰ ਬਣਾਉਣ ਵਿੱਚ ਕੁੱਲ 3200 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਇਹ ਭਾਰਤ ਵਿੱਚ ਟਾਟਾ ਸਟੀਲ ਦਾ ਜੰਮਸ਼ੇਦਪੁਰ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਪਲਾਂਟ ਹੈ ਅਤੇ ਪੰਜਾਬ ਵਿੱਚ ਕੰਪਨੀ ਦਾ ਸਭ ਤੋਂ ਵੱਡਾ ਨਿਵੇਸ਼ ਵੀ ਇਹੀ ਹੈ।

ਇਸ ਪਲਾਂਟ ਦੀ ਸਾਲਾਨਾ ਉਤਪਾਦਨ ਸਮਰੱਥਾ 0.75 ਮਿਲੀਅਨ ਟਨ (ਲਗਭਗ 7 ਲੱਖ 50 ਹਜ਼ਾਰ ਟਨ) ਹੈ। ਖਾਸ ਗੱਲ ਇਹ ਹੈ ਕਿ ਇਹ ਪਲਾਂਟ 100 ਫੀਸਦੀ ਸਕ੍ਰੈਪ (ਪੁਰਾਣੇ ਲੋਹੇ) ਨੂੰ ਕੱਚੇ ਮਾਲ ਵਜੋਂ ਵਰਤੇਗਾ ਅਤੇ ਇਲੈਕਟ੍ਰਿਕ ਆਰਕ ਫਰਨੇਸ (EAF) ਤਕਨੀਕ ਨਾਲ ਕੰਮ ਕਰੇਗਾ, ਜੋ ਵਾਤਾਵਰਣ ਲਈ ਅਨੁਕੂਲ ਅਤੇ ਗ੍ਰੀਨ ਪ੍ਰੋਸੈੱਸ ਵਾਲਾ ਹੈ। ਇਸ ਨਾਲ ਕਾਰਬਨ ਉਤਸਰਜਨ ਘੱਟ ਹੋਵੇਗੀ ਅਤੇ ਟਿਕਾਊ ਵਿਕਾਸ ਨੂੰ ਉਤਸ਼ਾਹ ਮਿਲੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ 'ਤੇ ਕਿਹਾ ਕਿ 20 ਮਾਰਚ ਪੰਜਾਬ ਲਈ ਇੱਕ ਇਤਿਹਾਸਕ ਦਿਨ ਹੈ। ਟਾਟਾ ਸਟੀਲ ਵਰਗੀ ਵੱਡੀ ਕੰਪਨੀ ਨੇ ਪੰਜਾਬ 'ਚ ਇੰਨਾ ਵੱਡਾ ਨਿਵੇਸ਼ ਕਰਕੇ ਸੂਬੇ ਦੀਆਂ ਨੀਤੀਆਂ ਅਤੇ ਪ੍ਰਸ਼ਾਸਨ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਇਹ ਪਲਾਂਟ ਸਿਰਫ਼ ਉਦਯੋਗ ਨੂੰ ਨਹੀਂ ਵਧਾਏਗਾ ਸਗੋਂ ਨੌਜਵਾਨਾਂ ਲਈ ਵੱਡੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰੇਗਾ। ਲਗਭਗ 2500 ਨੌਜਵਾਨਾਂ ਨੂੰ ਸਿੱਧੇ ਤੌਰ 'ਤੇ ਨੌਕਰੀਆਂ ਮਿਲਣਗੀਆਂ ਅਤੇ ਹਜ਼ਾਰਾਂ ਅਸਿੱਧੇ ਰੁਜ਼ਗਾਰ ਵੀ ਸਿਰਜੇ ਜਾਣਗੇ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਨੂੰ ਵੱਖ-ਵੱਖ ਟੈਕਸਾਂ ਰਾਹੀਂ 200 ਤੋਂ 300 ਕਰੋੜ ਰੁਪਏ ਦਾ ਵਾਰਸ਼ਿਕ ਮਾਲੀਆ ਮਿਲੇਗਾ, ਜਿਸ ਨਾਲ ਸੂਬੇ ਦੀ ਆਰਥਿਕਤਾ ਮਜ਼ਬੂਤ ਹੋਵੇਗੀ। ਇਹ ਪਲਾਂਟ ਲੁਧਿਆਣਾ ਅਤੇ ਆਲੇ-ਦੁਆਲੇ ਦੇ ਉਦਯੋਗਾਂ ਲਈ ਸਥਾਨਕ ਸਪਲਾਈ ਚੇਨ ਨੂੰ ਵਧਾਏਗਾ ਅਤੇ ਰੀਬਾਰ (ਸਰੀਆ) ਵਰਗੇ ਉਤਪਾਦ ਬਣਾਏਗਾ ਜੋ ਨਿਰਮਾਣ ਖੇਤਰ ਵਿੱਚ ਵਰਤੇ ਜਾਂਦੇ ਹਨ।

## Cee7 NEWS ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਇਆ ਹੈ

# ਜਿਸ ਨਾਲ ਸਹਿਕਾਰੀ ਸੁਸਾਇਟੀਆਂ ਦੇ ਹਜ਼ਾਰਾਂ ਰਿਟਾਇਰਡ ਕਰਮਚਾਰੀਆਂ ਨੂੰ ਵੱਡਾ ਝਟਕਾ ਲੱਗਿਆ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇੱਕ ਵੱਡਾ ਫੈਸਲਾ ਸੁਣਾਇਆ ਹੈ ਜਿਸ ਨਾਲ ਸਹਿਕਾਰੀ ਸੁਸਾਇਟੀਆਂ ਦੇ ਹਜ਼ਾਰਾਂ ਰਿਟਾਇਰਡ ਕਰਮਚਾਰੀਆਂ ਨੂੰ ਵੱਡਾ ਝਟਕਾ ਲੱਗਿਆ ਹੈ। ਅਦਾਲਤ ਨੇ 1997 ਵਿੱਚ ਬਣਾਏ ਗਏ ਕੋਆਪਰੇਟਿਵ ਕਰਮਚਾਰੀਆਂ ਦੇ ਸੇਵਾ ਨਿਯਮਾਂ (Service Rules) ਨੂੰ ਕਾਨੂੰਨੀ ਤੌਰ 'ਤੇ ਅਵੈਧ ਘੋਸ਼ਿਤ ਕਰ ਦਿੱਤਾ ਹੈ। ਇਸ ਫੈਸਲੇ ਕਾਰਨ ਹੁਣ ਇਨ੍ਹਾਂ ਨਿਯਮਾਂ ਦੇ ਆਧਾਰ 'ਤੇ ਰਿਟਾਇਰਮੈਂਟ ਲਾਭ ਜਿਵੇਂ ਗ੍ਰੈਚੂਇਟੀ, ਲੀਵ ਐਨਕੈਸ਼ਮੈਂਟ ਜਾਂ ਹੋਰ ਫਾਇਦੇ ਮੰਗਣ ਵਾਲੇ ਪਟੀਸ਼ਨਾਂ ਖਾਰਜ ਹੋ ਜਾਣਗੀਆਂ।

ਇਹ ਫੈਸਲਾ ਜਸਟਿਸ ਹਰਪ੍ਰੀਤ ਸਿੰਘ ਬਰਾੜ ਦੀ ਅਗਵਾਈ ਵਾਲੀ ਬੈਂਚ ਵੱਲੋਂ ਕਈ ਪਟੀਸ਼ਨਾਂ ਦੀ ਇਕੱਠੀ ਸੁਣਵਾਈ ਤੋਂ ਬਾਅਦ ਦਿੱਤਾ ਗਿਆ। ਮੁੱਖ ਮਾਮਲਾ ਇਹ ਸੀ ਕਿ ਪੰਜਾਬ ਦੀਆਂ ਵੱਖ-ਵੱਖ ਕੋਆਪਰੇਟਿਵ ਸੁਸਾਇਟੀਆਂ ਵਿੱਚ ਕੰਮ ਕਰਕੇ ਰਿਟਾਇਰ ਹੋਏ ਕਰਮਚਾਰੀਆਂ ਨੇ ਆਪਣੇ ਬਾਕੀ ਰਹਿੰਦੇ ਰਿਟਾਇਰਮੈਂਟ ਬੈਨੀਫਿਟਸ ਮੰਗੇ ਸਨ। ਕੁਝ ਸੁਸਾਇਟੀਆਂ ਨੇ ਵੀ ਅਥਾਰਟੀਆਂ ਵੱਲੋਂ ਪੇਮੈਂਟ ਲਈ ਦਬਾਅ ਪਾਉਣ ਵਿਰੋਧੀ ਪਟੀਸ਼ਨ ਦਾਇਰ ਕੀਤੀ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ 1997 ਦੇ ਨਿਯਮ ਕਾਨੂੰਨੀ ਤੌਰ 'ਤੇ ਵੈਧ ਨਹੀਂ ਹਨ ਕਿਉਂਕਿ ਇਹ ਨਿਯਮ ਸੂਬਾ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਨਹੀਂ ਬਣਾਏ ਗਏ ਸਨ।

ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ 1961 ਮੁਤਾਬਕ ਸੇਵਾ ਨਿਯਮ ਬਣਾਉਣ ਦਾ ਅਧਿਕਾਰ ਸਿਰਫ਼ ਸੂਬਾ ਸਰਕਾਰ ਕੋਲ ਹੈ। ਪਰ ਇਸ ਅਧਿਕਾਰ ਨੂੰ ਰਜਿਸਟਰਾਰ ਕੋਆਪਰੇਟਿਵ ਸੁਸਾਇਟੀਜ਼ ਨੂੰ ਡੈਲੀਗੇਟ ਕਰ ਦਿੱਤਾ ਗਿਆ ਸੀ, ਜਿਸ ਨੂੰ ਅਦਾਲਤ ਨੇ 'ਸਬ-ਡੈਲੀਗੇਸ਼ਨ' ਦਾ ਗਲਤ ਮਾਮਲਾ ਦੱਸਿਆ। ਇਹ ਪ੍ਰਕਿਰਿਆ ਕਾਨੂੰਨੀ ਸਿਧਾਂਤਾਂ ਦੇ ਵਿਰੋਧੀ ਹੈ। ਨਿਯਮਾਂ ਨੂੰ ਸੂਬਾ ਵਿਧਾਨ ਸਭਾ ਅੱਗੇ ਵੀ ਪੇਸ਼ ਨਹੀਂ ਕੀਤਾ ਗਿਆ ਸੀ, ਜੋ ਕਿ ਲੋੜੀਂਦੀ ਪ੍ਰਕਿਰਿਆ ਸੀ। ਇਸ ਕਰਕੇ ਪੂਰੇ 1997 ਦੇ ਸੇਵਾ ਨਿਯਮ ਅਵੈਧ ਹਨ।

ਅਦਾਲਤ ਨੇ ਇਹ ਵੀ ਜ਼ੋਰ ਦਿੱਤਾ ਕਿ ਕੋਆਪਰੇਟਿਵ ਸੁਸਾਇਟੀਆਂ ਆਪਣੇ ਖੁਦ ਦੇ ਫੰਡ ਨਾਲ ਚੱਲਦੀਆਂ ਹਨ ਅਤੇ ਸਰਕਾਰੀ ਅਧਿਕਾਰੀਆਂ ਵਾਂਗ ਨਹੀਂ। ਇਹ ਸੁਸਾਇਟੀਆਂ ਆਟੋਨੋਮਸ (ਸਵੈ-ਸ਼ਾਸਿਤ) ਹਨ, ਇਸ ਲਈ ਸਰਕਾਰੀ ਕਰਮਚਾਰੀਆਂ ਵਰਗੇ ਰਿਟਾਇਰਮੈਂਟ ਬੈਨੀਫਿਟਸ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੇ। ਸਰਕਾਰ ਵੱਲੋਂ ਇਨ੍ਹਾਂ ਨੂੰ ਵਿੱਤੀ ਤੌਰ 'ਤੇ ਸਹਾਇਤਾ ਨਹੀਂ ਮਿਲਦੀ, ਇਸ ਲਈ ਗ੍ਰੈਚੂਇਟੀ ਜਾਂ ਲੀਵ ਐਨਕੈਸ਼ਮੈਂਟ ਵਰਗੇ ਲਾਭ ਮੰਗਣਾ ਸੰਭਵ ਨਹੀਂ।

ਇਸ ਫੈਸਲੇ ਨਾਲ ਪੰਜਾਬ ਵਿੱਚ ਹਜ਼ਾਰਾਂ ਰਿਟਾਇਰਡ ਕਰਮਚਾਰੀ ਪ੍ਰਭਾਵਿਤ ਹੋਣਗੇ ਜੋ ਸਾਲਾਂ ਤੋਂ ਆਪਣੇ ਬਾਕੀ ਲਾਭਾਂ ਲਈ ਅਦਾਲਤਾਂ ਵਿੱਚ ਲੜ ਰਹੇ ਸਨ। ਉਨ੍ਹਾਂ ਦੇ ਦਾਅਵੇ ਹੁਣ ਖਾਰਜ ਹੋ ਸਕਦੇ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀਆਂ ਮੰਗਾਂ ਮੁਸ਼ਕਲ ਹੋ ਜਾਣਗੀਆਂ।



ਅਦਾਲਤ ਨੇ ਇਹ ਵੀ ਜ਼ੋਰ ਦਿੱਤਾ ਕਿ ਕੋਆਪਰੇਟਿਵ ਸੁਸਾਇਟੀਆਂ ਆਪਣੇ ਖੁਦ ਦੇ ਫੰਡ ਨਾਲ ਚੱਲਦੀਆਂ ਹਨ ਅਤੇ ਸਰਕਾਰੀ ਅਧਿਕਾਰੀਆਂ ਵਾਂਗ ਨਹੀਂ। ਇਹ ਸੁਸਾਇਟੀਆਂ ਆਟੋਨੋਮਸ (ਸਵੈ-ਸ਼ਾਸਿਤ) ਹਨ, ਇਸ ਲਈ ਸਰਕਾਰੀ ਕਰਮਚਾਰੀਆਂ ਵਰਗੇ ਰਿਟਾਇਰਮੈਂਟ ਬੈਨੀਫਿਟਸ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੇ। ਸਰਕਾਰ ਵੱਲੋਂ ਇਨ੍ਹਾਂ ਨੂੰ ਵਿੱਤੀ ਤੌਰ 'ਤੇ ਸਹਾਇਤਾ ਨਹੀਂ ਮਿਲਦੀ, ਇਸ ਲਈ ਗ੍ਰੈਚੂਇਟੀ ਜਾਂ ਲੀਵ ਐਨਕੈਸ਼ਮੈਂਟ ਵਰਗੇ ਲਾਭ ਮੰਗਣਾ ਸੰਭਵ ਨਹੀਂ।

ਇਸ ਫੈਸਲੇ ਨਾਲ ਪੰਜਾਬ ਵਿੱਚ ਹਜ਼ਾਰਾਂ ਰਿਟਾਇਰਡ ਕਰਮਚਾਰੀ ਪ੍ਰਭਾਵਿਤ ਹੋਣਗੇ ਜੋ ਸਾਲਾਂ ਤੋਂ ਆਪਣੇ ਬਾਕੀ ਲਾਭਾਂ ਲਈ ਅਦਾਲਤਾਂ ਵਿੱਚ ਲੜ ਰਹੇ ਸਨ। ਉਨ੍ਹਾਂ ਦੇ ਦਾਅਵੇ ਹੁਣ ਖਾਰਜ ਹੋ ਸਕਦੇ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀਆਂ ਮੰਗਾਂ ਮੁਸ਼ਕਲ ਹੋ ਜਾਣਗੀਆਂ। ਇਹ ਫੈਸਲਾ ਸਹਿਕਾਰੀ ਸੈਕਟਰ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਰਿਟਾਇਰਮੈਂਟ ਸੁਰੱਖਿਆ ਨੂੰ ਚੁਣੌਤੀ ਬਣਾ ਸਕਦਾ ਹੈ।

ਪਰ ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਹਿਕਾਰੀ ਸੁਸਾਇਟੀਆਂ ਨੂੰ ਆਪਣੇ ਨਿਯਮ ਖੁਦ ਬਣਾਉਣ ਦੀ ਆਜ਼ਾਦੀ ਹੈ ਪਰ ਉਹ ਸਰਕਾਰੀ ਨਿਯਮਾਂ ਵਾਂਗ ਨਹੀਂ ਹੋ ਸਕਦੇ। ਇਸ ਫੈਸਲੇ ਤੋਂ ਬਾਅਦ ਸੰਬੰਧਿਤ ਵਿਭਾਗਾਂ ਨੂੰ ਨਵੇਂ ਨਿਯਮ ਬਣਾਉਣ ਜਾਂ ਵਿਧਾਨਕ ਪ੍ਰਕਿਰਿਆ ਅਧੀਨ ਨਿਯਮਾਂ ਨੂੰ ਵੈਧ ਕਰਨ ਦੀ ਲੋੜ ਪਵੇਗੀ।

ਇਹ ਫੈਸਲਾ 20 ਮਾਰਚ 2026 ਨੂੰ ਸੁਣਾਇਆ ਗਿਆ ਅਤੇ ਇਸ ਨਾਲ ਸਹਿਕਾਰੀ ਖੇਤਰ ਵਿੱਚ ਰਿਟਾਇਰਮੈਂਟ ਬੈਨੀਫਿਟਸ ਦੇ ਮਾਮਲੇ ਵਿੱਚ ਨਵੀਂ ਬਹਿਸ ਸ਼ੁਰੂ ਹੋ ਸਕਦੀ ਹੈ। ਕਰਮਚਾਰੀਆਂ ਲਈ ਇਹ ਮੁਸ਼ਕਲ ਸਮਾਂ ਹੈ ਪਰ ਕਾਨੂੰਨੀ ਤੌਰ 'ਤੇ ਇਹ ਫੈਸਲਾ ਮਜ਼ਬੂਤ ਅਧਾਰਾਂ 'ਤੇ ਅਧਾਰਤ ਹੈ। (

## ਕੇਂਦਰੀ ਰੇਲ ਮੰਤਰਾਲੇ ਵੱਲੋਂ ਪੰਜਾਬ ਨੂੰ ਮਿਲੀ ਵੱਡੀ ਸੌਗਾਤ



ਕੇਂਦਰੀ ਰੇਲ ਮੰਤਰਾਲੇ ਵੱਲੋਂ ਪੰਜਾਬ ਨੂੰ ਵੱਡੀ ਸੌਗਾਤ ਮਿਲੀ ਹੈ। ਕੇਂਦਰੀ ਰਾਜ ਮੰਤਰੀ (ਰੇਲ) ਰਵਨੀਤ ਸਿੰਘ ਬਿੱਟੂ ਨੇ ਅੱਜ ਐਲਾਨ ਕੀਤਾ ਹੈ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਰੇਲ ਨੈੱਟਵਰਕ ਨਾਲ ਜੋੜਨ ਲਈ ਨਵੀਂ ਰੇਲਵੇ ਲਾਈਨ ਦਾ ਪ੍ਰੋਜੈਕਟ ਮਨਜ਼ੂਰ ਹੋ ਗਿਆ ਹੈ। ਇਸ ਪ੍ਰੋਜੈਕਟ 'ਤੇ ਕੁੱਲ 1100 ਕਰੋੜ ਰੁਪਏ (ਲਗਭਗ 1118 ਕਰੋੜ) ਖਰਚ ਕੀਤੇ ਜਾਣਗੇ। ਇਹ ਲਾਈਨ ਬਠਿੰਡਾ-ਤਲਵੰਡੀ ਸਾਬੋ ਵਿਚਕਾਰ ਬਣਾਈ ਜਾਵੇਗੀ ਅਤੇ ਇਸ ਦੀ ਲੰਬਾਈ ਲਗਭਗ 34 ਕਿਲੋਮੀਟਰ ਹੋਵੇਗੀ।

ਇਸ ਪ੍ਰੋਜੈਕਟ ਨਾਲ ਸਿੱਖ ਧਰਮ ਦੇ ਪਵਿੱਤਰ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੱਕ ਰੇਲ ਸੇਵਾ ਸਿੱਧੀ ਪਹੁੰਚ ਜਾਵੇਗੀ। ਇਹ ਥਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੀ ਹੋਈ ਹੈ ਅਤੇ ਇੱਥੇ ਸਿੱਖ ਇਤਿਹਾਸ ਦੀ ਬਹੁਤ ਮਹੱਤਤਾ ਹੈ। ਹਜ਼ਾਰਾਂ ਸੰਗਤ ਹਰ ਸਾਲ ਇੱਥੇ ਆਉਂਦੀ ਹੈ, ਪਰ ਰੇਲ ਨਾ ਹੋਣ ਕਾਰਨ ਯਾਤਰਾ ਵਿੱਚ ਮੁਸ਼ਕਲਾਂ ਆਉਂਦੀਆਂ ਸਨ। ਹੁਣ ਇਸ ਨਵੀਂ ਲਾਈਨ ਨਾਲ ਯਾਤਰੀਆਂ ਨੂੰ ਆਸਾਨੀ ਹੋਵੇਗੀ ਅਤੇ ਇਲਾਕੇ ਦਾ ਵਿਕਾਸ ਵੀ ਤੇਜ਼ੀ ਨਾਲ ਹੋਵੇਗਾ।

ਰਵਨੀਤ ਬਿੱਟੂ ਨੇ ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲ ਮੰਤਰੀ ਅਸ਼ਵਨੀ ਵੈਸਨਵ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਪੰਜਾਬ ਲਈ ਵਿਸ਼ੇਸ਼ ਤੌਰ 'ਤੇ ਬਹੁਤ ਵੱਡੀ ਸੌਗਾਤ ਹੈ। ਇਸ ਪ੍ਰੋਜੈਕਟ ਨਾਲ ਨਾ ਸਿਰਫ਼ ਧਾਰਮਿਕ ਸਥਾਨ ਨੂੰ ਫਾਇਦਾ ਹੋਵੇਗਾ ਸਗੋਂ ਆਲੇ-ਦੁਆਲੇ ਦੇ ਖੇਤਰਾਂ ਵਿੱਚ ਵਪਾਰ, ਰੁਜ਼ਗਾਰ ਅਤੇ ਆਰਥਿਕ ਵਿਕਾਸ ਵੀ ਵਧੇਗਾ। ਤਲਵੰਡੀ ਸਾਬੋ ਅਤੇ ਬਠਿੰਡਾ ਵਿਚਕਾਰ ਬਿਹਤਰ ਕਨੈਕਟੀਵਿਟੀ ਨਾਲ ਲੋਕਾਂ ਨੂੰ ਸੌਖੀ ਯਾਤਰਾ ਮਿਲੇਗੀ।

ਇਹ ਖ਼ਬਰ ਪੰਜਾਬ ਦੇ ਲੋਕਾਂ ਲਈ ਖੁਸ਼ੀ ਵਾਲੀ ਹੈ ਕਿਉਂਕਿ ਰੇਲਵੇ ਪ੍ਰੋਜੈਕਟਾਂ ਨਾਲ ਸੂਬੇ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੁੰਦਾ ਹੈ। ਪਿਛਲੇ ਸਮੇਂ ਵਿੱਚ ਵੀ ਕਈ ਰੇਲ ਪ੍ਰੋਜੈਕਟ ਮਨਜ਼ੂਰ ਹੋਏ ਹਨ ਪਰ ਇਹ ਵਿਸ਼ੇਸ਼ ਤੌਰ 'ਤੇ ਧਾਰਮਿਕ ਅਹਿਮੀਅਤ ਵਾਲੇ ਸਥਾਨ ਲਈ ਹੈ। ਰਵਨੀਤ ਬਿੱਟੂ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਅਜਿਹੇ ਪ੍ਰੋਜੈਕਟ ਜਾਰੀ ਰਹਿਣਗੇ।

# ਮਨੀ ਲਾਂਡਰਿੰਗ ਮਾਮਲਾ: ਚੰਡੀਗੜ੍ਹ ਦੀ ਕੰਪਨੀ ਦੀਆਂ ਜਾਇਦਾਦਾਂ ED ਵੱਲੋਂ ਕੁਰਕ

### | 5,000 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ

ਪਰਲਜ਼ ਗਰੁੱਪ (PACL) ਘੁਟਾਲੇ ਵਿੱਚ ਇੱਕ ਵੱਡੀ ਕਾਰਵਾਈ ਹੋਈ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਚੰਡੀਗੜ੍ਹ ਸਥਿਤ ਇਸ ਕੰਪਨੀ ਵਿਰੁੱਧ ਮਨੀ ਲਾਂਡਰਿੰਗ ਦੀ ਜਾਂਚ ਦੌਰਾਨ ਨਵੀਆਂ ਜਾਇਦਾਦਾਂ ਕੁਰਕ ਕੀਤੀਆਂ ਹਨ। ਇਹ ਜਾਇਦਾਦਾਂ 5,000 ਕਰੋੜ ਰੁਪਏ ਤੋਂ ਵੱਧ ਦੀਆਂ ਹਨ। ਖਾਸ ਤੌਰ 'ਤੇ 5,046.91 ਕਰੋੜ ਰੁਪਏ ਦੀ ਕੀਮਤ ਵਾਲੀਆਂ 126 ਅਚੱਲ ਜਾਇਦਾਦਾਂ ਪੰਜਾਬ ਅਤੇ ਦਿੱਲੀ ਵਿੱਚ ਸਥਿਤ ਹਨ। ਇਹ ਕਾਰਵਾਈ ਪ੍ਰਿਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (PMLA) ਅਧੀਨ ਪ੍ਰੋਵੀਜ਼ਨਲ ਆਰਡਰ ਨਾਲ ਕੀਤੀ ਗਈ ਹੈ।

ਈਡੀ ਨੇ ਦੱਸਿਆ ਕਿ ਇਸ ਘੁਟਾਲੇ ਵਿੱਚ ਕੁੱਲ ਜ਼ਬਤ ਜਾਇਦਾਦਾਂ ਦੀ ਕੀਮਤ ਹੁਣ 22,656.91 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਹ ਸਾਰੀਆਂ ਜਾਇਦਾਦਾਂ ਪੀਏਸੀਐਲ ਅਤੇ ਇਸ ਨਾਲ ਜੁੜੀਆਂ ਕੰਪਨੀਆਂ/ਵਿਅਕਤੀਆਂ ਦੀਆਂ ਹਨ। ਇਹ ਘੁਟਾਲਾ ਲਗਪਗ 48,000 ਕਰੋੜ ਰੁਪਏ ਦੇ ਪੌਂਜ਼ੀ ਸਕੀਮ ਨਾਲ ਜੁੜਿਆ ਹੋਇਆ ਹੈ। ਕੰਪਨੀ ਨੇ ਦੇਸ਼ ਭਰ ਦੇ ਲੱਖਾਂ ਨਿਵੇਸ਼ਕਾਂ ਨੂੰ ਖੇਤੀਬਾੜੀ ਜ਼ਮੀਨ ਵੇਚਣ ਅਤੇ ਵਿਕਾਸ ਦੇ ਨਾਂ 'ਤੇ ਧੋਖਾ ਦਿੱਤਾ ਸੀ। ਨਿਵੇਸ਼ਕਾਂ ਤੋਂ 60,000 ਕਰੋੜ ਰੁਪਏ ਤੋਂ ਵੱਧ ਰਕਮ ਇਕੱਠੀ ਕੀਤੀ ਗਈ ਸੀ।

ਨਿਵੇਸ਼ਕਾਂ ਨੂੰ ਨਕਦ ਪੇਮੈਂਟ ਅਤੇ ਕਿਸ਼ਤਾਂ ਵਾਲੀਆਂ ਯੋਜਨਾਵਾਂ ਨਾਲ ਲਾਲਚ ਦਿੱਤਾ ਗਿਆ। ਉਨ੍ਹਾਂ ਨੂੰ ਗੁੰਮਰਾਹਕੁਨ ਇਕਰਾਰਨਾਮੇ ਅਤੇ ਪਾਵਰ ਆਫ ਅਟਾਰਨੀ 'ਤੇ ਦਸਤਖਤ ਕਰਵਾਏ ਗਏ। ਜ਼ਿਆਦਾਤਰ ਮਾਮਲਿਆਂ ਵਿੱਚ ਨਿਵੇਸ਼ਕਾਂ ਨੂੰ ਕੋਈ ਜ਼ਮੀਨ ਨਹੀਂ ਮਿਲੀ ਅਤੇ ਲਗਪਗ 48,000 ਕਰੋੜ ਰੁਪਏ ਅਜੇ ਵਾਪਸ ਨਹੀਂ ਕੀਤੇ ਗਏ। ਇਹ ਜਾਂਚ ਸਾਲ 2016 ਵਿੱਚ ਸ਼ੁਰੂ ਹੋਈ ਸੀ। ਇਹ ਸੀਬੀਆਈ ਵੱਲੋਂ 2014 ਵਿੱਚ ਦਰਜ ਕੇਸ 'ਤੇ ਅਧਾਰਤ ਹੈ। ਸੀਬੀਆਈ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਐਫਆਈਆਰ ਦਰਜ ਕੀਤੀ ਸੀ। ਮੁੱਖ ਦੋਸ਼ੀ ਨਿਰਮਲ ਸਿੰਘ ਭੰਗੂ ਦੀ ਅਗਸਤ 2024 ਵਿੱਚ ਮੌਤ ਹੋ ਗਈ ਸੀ।

ਈਡੀ ਨੇ ਇਸ ਕੇਸ ਵਿੱਚ ਪਹਿਲਾਂ ਹੀ ਪੰਜ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ। ਇਹ ਘੁਟਾਲਾ ਪੌਂਜ਼ੀ ਸਕੀਮ ਵਰਗਾ ਸੀ ਜਿਸ ਵਿੱਚ ਨਿਵੇਸ਼ਕਾਂ ਨੂੰ ਵੱਡੇ ਲਾਭ ਦੇ ਵਾਅਦੇ ਕੀਤੇ ਗਏ ਪਰ ਪੈਸੇ ਡੁੱਬ ਗਏ। ਬਹੁਤ ਸਾਰੇ ਪੰਜਾਬੀ ਪਰਿਵਾਰ ਇਸ ਘੁਟਾਲੇ ਦੇ ਸ਼ਿਕਾਰ ਹੋਏ ਸਨ।

## ਪਰਲਜ਼ ਗਰੁੱਪ (PACL) ਘੁਟਾਲੇ ਵਿੱਚ ਇੱਕ ਵੱਡੀ ਕਾਰਵਾਈ



ਨਿਵੇਸ਼ਕਾਂ ਨੂੰ ਨਕਦ ਪੇਮੈਂਟ ਅਤੇ ਕਿਸ਼ਤਾਂ ਵਾਲੀਆਂ ਯੋਜਨਾਵਾਂ ਨਾਲ ਲਾਲਚ ਦਿੱਤਾ ਗਿਆ। ਉਨ੍ਹਾਂ ਨੂੰ ਗੁੰਮਰਾਹਕੁਨ ਇਕਰਾਰਨਾਮੇ ਅਤੇ ਪਾਵਰ ਆਫ ਅਟਾਰਨੀ 'ਤੇ ਦਸਤਖਤ ਕਰਵਾਏ ਗਏ। ਜ਼ਿਆਦਾਤਰ ਮਾਮਲਿਆਂ ਵਿੱਚ ਨਿਵੇਸ਼ਕਾਂ ਨੂੰ ਕੋਈ ਜ਼ਮੀਨ ਨਹੀਂ ਮਿਲੀ ਅਤੇ ਲਗਪਗ 48,000 ਕਰੋੜ ਰੁਪਏ ਅਜੇ ਵਾਪਸ ਨਹੀਂ ਕੀਤੇ ਗਏ। ਇਹ ਜਾਂਚ ਸਾਲ 2016 ਵਿੱਚ ਸ਼ੁਰੂ ਹੋਈ ਸੀ। ਇਹ ਸੀਬੀਆਈ ਵੱਲੋਂ 2014 ਵਿੱਚ ਦਰਜ ਕੇਸ 'ਤੇ ਅਧਾਰਤ ਹੈ। ਸੀਬੀਆਈ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਐਫਆਈਆਰ ਦਰਜ ਕੀਤੀ ਸੀ। ਮੁੱਖ ਦੋਸ਼ੀ ਨਿਰਮਲ ਸਿੰਘ ਭੰਗੂ ਦੀ ਅਗਸਤ 2024 ਵਿੱਚ ਮੌਤ ਹੋ ਗਈ ਸੀ।ਈਡੀ ਨੇ ਇਸ ਕੇਸ ਵਿੱਚ ਪਹਿਲਾਂ ਹੀ ਪੰਜ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ। ਇਹ ਘੁਟਾਲਾ ਪੌਂਜ਼ੀ ਸਕੀਮ ਵਰਗਾ ਸੀ ਜਿਸ ਵਿੱਚ ਨਿਵੇਸ਼ਕਾਂ ਨੂੰ ਵੱਡੇ ਲਾਭ ਦੇ ਵਾਅਦੇ ਕੀਤੇ ਗਏ ਪਰ ਪੈਸੇ ਡੁੱਬ ਗਏ। ਬਹੁਤ ਸਾਰੇ ਪੰਜਾਬੀ ਪਰਿਵਾਰ ਇਸ ਘੁਟਾਲੇ ਦੇ ਸ਼ਿਕਾਰ ਹੋਏ ਸਨ। ਲੋਕਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਇਸ ਵਿੱਚ ਲਾ ਦਿੱਤੀ ਸੀ। ਈਡੀ ਦੀ ਇਹ ਤਾਜ਼ਾ ਕਾਰਵਾਈ ਨਿਵੇਸ਼ਕਾਂ ਲਈ ਰਾਹਤ ਵਾਲੀ ਖਬਰ ਹੈ ਪਰ ਅਜੇ ਵੀ ਬਹੁਤ ਸਾਰੇ ਪੈਸੇ ਵਾਪਸ ਮਿਲਣੇ ਬਾਕੀ ਹਨ।

ਪੰਜਾਬ ਅਤੇ ਦਿੱਲੀ ਵਿੱਚ ਜ਼ਬਤ ਜਾਇਦਾਦਾਂ ਵਿੱਚ ਜ਼ਮੀਨਾਂ, ਫਲੈਟ ਅਤੇ ਹੋਰ ਅਚੱਲ ਜਾਇਦਾਦਾਂ ਸ਼ਾਮਲ ਹਨ। ਇਹ ਸਾਰੀਆਂ ਜਾਇਦਾਦਾਂ ਘੁਟਾਲੇ ਨਾਲ ਇਕੱਠੇ ਕੀਤੇ ਪੈਸੇ ਨਾਲ ਖਰੀਦੀਆਂ ਗਈਆਂ ਸਨ। ਈਡੀ ਨੇ ਇਸ ਨੂੰ ਕਰਾਈਮ ਪ੍ਰੋਸੀਡਜ਼ ਮੰਨਦੇ ਹੋਏ ਜ਼ਬਤ ਕੀਤਾ ਹੈ। ਇਹ ਕੇਸ ਦੇਸ਼ ਦੇ ਸਭ ਤੋਂ ਵੱਡੇ ਘੁਟਾਲਿਆਂ ਵਿੱਚੋਂ ਇੱਕ ਹੈ। ਨਿਵੇਸ਼ਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਅਜਿਹੀਆਂ ਸਕੀਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਈਡੀ ਦੀ ਜਾਂਚ ਜਾਰੀ ਹੈ ਅਤੇ ਹੋਰ ਕਾਰਵਾਈਆਂ ਹੋ ਸਕਦੀਆਂ ਹਨ। ਇਸ ਨਾਲ ਨਿਆਂ ਮਿਲਣ ਦੀ ਉਮੀਦ ਵਧੀ ਹੈ।

# ਔਰਤਾਂ ਚ ਪੇਡੂ ਦੇ ਦਰਦ ਦਾ ਹੱਲ ਹੈ ਕੋਈ? ਡਾ ਅਜੀਤਪਾਲ ਸਿੰਘ ਐਮ ਡੀ



ਲਗਭਗ ਇੱਕ ਤਿਹਾਈ ਔਰਤਾਂ ਆਪਣੇ ਜੀਵਨ ਅਰਸੇ ਦੌਰਾਨ ਕਦੀ ਨਾ ਕਦੀ ਪੇਡੂ ਦੇ ਦਰਦ ਤੋਂ ਪੀੜਤ ਮਹਿਸੂਸ ਕਰਦੀਆਂ ਹਨ। ਪਹਿਲਾਂ ਜਦ ਵੀ ਉਹ ਇਹ ਗੱਲ ਦੀ ਸ਼ਿਕਾਇਤ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਕਰਦਿਆਂ ਹਨ ਤਾਂ ਅਕਸਰ ਉਹਨਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ ਦਰਦ ਉਹਨਾਂ ਦੇ ਦਿਮਾਗ ਵਿੱਚ ਹੈ,ਪਰ ਹੁਣ ਅਧੁਨਿਕ ਮਸ਼ੀਨਾਂ ਤੇ ਜਾਂਚ ਰਾਹੀਂ ਖਤਰਨਾਕ ਦਰਦ ਤੇ ਇਸ ਦੇ ਕਾਰਨ ਨੂੰ ਭਾਂਪ ਲਿਆ ਜਾਂਦਾ ਹੈ,ਜਿਸ ਦਾ ਨਾਂ ਹੈ ਪੈਲਵਿਕ ਇਨਫਲੇਮੇਟਰੀ ਡਸੀਜ਼ (PID) ਜਾਂ ਪੈਲਵਿਕ ਇੰਨਜੈਕਸ਼ਨ ਸਿੰਡਰੋਮ। ਦਰਅਸਲ ਇਸ ਪੀਆਈਡੀ ਦਾ ਸਬੰਧ ਪੇਲਵਿਕ (ਯਾਨੀ ਧੁੰਨੀ ਤੋਂ ਹੇਠਲੇ ਹਿੱਸੇ-ਪੇਡੂ) ਨਾਲ ਹੈ ਜਿਸ ਦੀ ਜਾਂਚ ਤੇ ਪਹਿਲਾਂ ਏਨਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਅਤੇ ਔਰਤਾਂ ਇਸ ਦਰਦ ਨਾਲ ਲਾਚਾਰ ਹੋ ਕੇ ਰਹਿ ਜਾਂਦੀਆਂ ਸਨ। ਜੇ ਇਸ ਦੇ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਅਨੇਕਾਂ ਕਾਰਨ ਹੋ ਸਕਦੇ ਹਨ, ਪਰ ਇੱਕ ਵੱਡਾ ਕਾਰਨ ਹੁੰਦਾ ਹੈ ਅੰਡੇਦਾਨੀ ਚ ਕੁਝ ਰਕਤ ਵਹਿਣੀਆਂ ਅਜਿਹੀਆਂ ਹੁੰਦੀਆਂ ਹਨ ਜੋ ਕਿ ਕਿ ਸਹੀ ਢੰਗ ਨਾਲ ਕੰਮ ਨਹੀਂ ਕਰਦੀਆਂ ਤੇ ਖ਼ੂਨ ਨੂੰ ਜਮਾ ਦਿੰਦੀਆਂ ਹਨ। ਇਹ ਹਾਲਤ ਅਜਿਹੀ ਹੁੰਦੀ ਹੈ ਜਿਵੇਂ ਕਿ ਲੱਤਾਂ-ਪੈਰਾਂ ਚ ਨਾੜਾਂ ਦਾ ਫੁੱਲਣਾ (ਵੈਰੀਕੋਜ਼ ਵੈਨਜ਼ ਹੋਣਾ), ਅਸਲ ਵਿੱਚ ਸਰੀਰ ਚ ਕਈ ਰਕਤ ਵਹਿਣੀਆਂ ਅਜਿਹੀਆਂ ਹੁੰਦੀਆਂ ਹਨ ਜਿੰਨਾ ਚ ਛੋਟੇ ਛੋਟੇ ਵਾਲਵ ਹੁੰਦੇ ਹਨ,ਜੋ ਕੇ ਬਲੱਡ ਸਪਲਾਈ ਸਹੀ ਦਿਸ਼ਾ ਚ ਪਹੁੰਚਾਉਂਦੇ ਹਨ ਤਾਂ ਕਿ ਖ਼ੂਨ ਦਿਲ ਤੱਕ ਪਹੁੰਚਦਾ ਰਹੇ। ਇਹ ਬਲਵ ਉਸ ਛੋਟੇ ਦਰਵਾਜੇ ਵਾਂਗੂ ਹੁੰਦੇ ਹਨ,ਜੋ ਖ਼ੂਨ ਦੀ ਸਪਲਾਈ ਅੱਗੇ ਜਾਂਦਿਆਂ ਹੀ ਬੰਦ ਹੋ ਜਾਂਦੇ ਹਨ ਤਾਂ ਕਿ ਖ਼ੂਨ ਉਲਟ ਦਿਸ਼ਾ ਚ ਨਾ ਵਹਿ ਸਕੇ ਪਰ ਜਦ ਖ਼ੂਨ ਵਾਲਵ ਦੇ ਅੰਦਰ ਹੀ ਜਮਾ ਹੋ ਜਾਂਦਾ ਹੈ ਤੇ ਇੱਕ ਆਮ ਪ੍ਰਕਿਰਿਆ ਵਾਂਗੂੰ ਵਹਿ ਨਹੀਂ ਸਕਦਾ ਤਾਂ ਅਜਿਹੀ ਹਾਲਤ ਵਿੱਚ ਪੈਲਵਕ (ਪੇਡੂ) ਭਾਗ ਵਿੱਚ ਵੀ ਜਦ ਅਜਿਹੀਆਂ ਰਕਤ ਵਹਿਣੀਆਂ ਦਾ ਝੁਰਮਟ ਹੋ ਜਾਂਦਾ ਹੈ ਤਾਂ ਉਸਨੂੰ ਪੈਲਵਿਕ ਕੰਜੈਕਸ਼ਨ ਸਿੰਡਰੋਮ ਕਿਹਾ ਜਾਂਦਾ ਹੈ ਅਤੇ ਇਸ ਸਮੱਸਿਆ ਨਾਲ ਬੱਚੇਦਾਨੀ ਦਾ ਨੁਕਸਾਨ ਹੋ ਸਕਦਾ ਹੈ।

**ਕੀ ਇਸ ਦਾ ਕੋਈ ਖਤਰਾ ਵੀ ਹੁੰਦਾ ਹੈ ?**

ਲਗਭਗ 20 ਤੋਂ 50 ਸਾਲਾਂ ਦੀਆਂ ਸਾਰੀਆਂ ਔਰਤਾਂ ਚ ਪੈਲਵਿਕ ਕੰਜੈਕਸ਼ਨ ਸਿੰਡਰੋਮ ਤਾਂ ਹੁੰਦਾ ਹੀ ਹੈ ਪਰ ਇਹ ਜਰੂਰੀ ਨਹੀਂ ਕਿ ਸਾਰਿਆਂ ਚ ਇਹ ਲੱਛਣ ਉਭਰਨ। ਵੈਸੇ ਇਸ ਦੀ ਸ਼ਨਾਖਤ ਜਾਂ ਪਹਿਚਾਣ ਇਸ ਲਈ ਮੁਸ਼ਕਿਲ ਹੁੰਦੀ ਹੈ ਕਿਉਂਕਿ ਪੈਲਵਿਕ ਅਲਟਰਾਸਾਉਂਡ ਦੌਰਾਨ ਜਦ ਔਰਤਾਂ ਲੇਟ ਜਾਂਦੀਆਂ ਹਨ ਤਾਂ ਵੈਰੀਕੋਜ਼ (ਫੁੱਲੀਆਂ ਹੋਈਆਂ ਨਸਾਂ) ਦਿਸਦੀਆਂ ਨਹੀਂ ਤੇ ਜਾਂਚ ਬੇਕਾਰ ਹੋ ਜਾਂਦੀ ਹੈ ਤੇ ਪਤਾ ਨਹੀਂ ਲਗਦਾ ਕਿ ਉਹਨਾਂ ਨੂੰ ਇਹ ਭਿਆਨਕ ਦਰਦ ਕਿਉਂ ਹੋ ਰਿਹਾ ਹੈ। ਇਸ ਨਾਲ ਉਹਨਾਂ ਨੂੰ ਤਕਲੀਫ ਹੁੰਦੀ ਹੈ। ਨਾਲ ਹੀ ਉਹਨਾਂ ਦੇ ਸ਼ੁਭਚਿੰਤਕਾਂ ਤੇ ਪ੍ਰੀਵਾਰਕ ਮੈਂਬਰਾਂ ਨੂੰ ਵੀ ਮਾਨਸਿਕ ਦੁੱਖ ਹੁੰਦਾ ਹੈ। ਕਾਰਨ ਪਤਾ ਨਾ ਹੋਣ ਕਰਕੇ ਇਲਾਜ ਮੁਹਈਆ ਹੋਣ ਦੇ ਬਾਵਜੂਦ ਵੀ ਔਰਤਾਂ ਨੂੰ ਸਹੀ ਇਲਾਜ ਨਹੀਂ ਮਿਲਦਾ।

**ਲੱਛਣ ਕੀ ਹੁੰਦੇ ਹਨ ?**

ਵੈਸੇ ਤਾਂ ਰੋਗੀ ਇਹ ਦਰਦ ਅਕਸਰ ਮਹਿਸੂਸ ਕਰਦੀ ਹੀ ਰਹਿੰਦੀ ਹੈ ਪਰ ਹੇਠ ਲਿਖੇ ਕਾਰਨਾਂ ਕਰਕੇ ਕਮਰ ਦੇ ਹੇਠਾਂ ਤੇ ਪੇਡੂ ਵਾਲੇ ਹਿੱਸੇ ਵਿੱਚ ਦਰਦ ਬੇਹਦ ਵੱਧ ਤੋਂ ਵੱਧ ਹੋ ਜਾਂਦਾ ਹੈ। ਸੰਭੋਗ ਸਮੇਂ,ਮਹਾਂਵਾਰੀ ਦੌਰਾਨ,ਯੋਨੀ ਦੇ ਦਰਦ, (ਲਕੋਰੀਆ ਆਦਿ),ਸਮੇਂ ਖੜ੍ਹੇ ਹੋਣ ਵਾਲੀ ਥਕਾਵਟ ਦੌਰਾਨ,ਗਰਭ ਅਵਸਥਾ, ਕੁੱਲਿਆਂ ਜਾਂ ਪਿੰਜਣੀਆਂ ਚ ਵੇਰਿਕੋਜ਼ (ਨਸਾਂ ਦੇ ਗੁੱਛੇ),ਬਲੈਂਡਰ ਚ ਅਸਹਿਜਤਾ ਆਦਿ।

**ਇਸ ਰੋਗ ਦਾ ਖਤਰਾ :**

ਉਹ ਔਰਤਾਂ ਜੋ ਦੋ ਵਾਰੀ ਗਰਭਵਤੀ ਹੋ ਚੁੱਕੀਆਂ ਹੁੰਦੀਆਂ ਹਨ ਤੇ ਜਿਨਾਂ ਨੂੰ ਪਹਿਲਾ ਤੋਂ ਹੀ ਵੇਰੀਕੋਜ਼ ਵੇਨਜ਼ ਦੀ ਸਮੱਸਿਆ ਹੈ। ਹਾਰਮੋਨਲ ਅਸੰਤੁਲਿਨ,ਪੋਲੀਸਿਸਟਿਕ ਅੰਡੇਦਾਨੀ (polycystic ovary) ਆਦਿ।

ਇਸ ਮਰਜ ਦੀ ਪਹਿਚਾਣ ਹੋਣ ਪਿੱਛੋਂ ਇੰਟਰਵੈਂਸ਼ਨਲ ਰੇਡੀਓਲੋਜੀ ਦੀ ਮਦਦ ਨਾਲ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਅਮਲ ਚ ਮਰੀਜ਼ ਨੂੰ ਬੇਹੋਸ਼ ਨਹੀਂ ਕੀਤਾ ਜਾਂਦਾ ਹੈ ਤੇ ਔਰਤ ਨੂੰ ਹਸਪਤਾਲ ਚ ਸਿਰਫ ਇੱਕ ਦਿਨ ਹੀ ਰੁਕਣਾ ਪੈਂਦਾ ਹੈ। ਇਸ ਪ੍ਰਕਿਰਿਆ ਪਿੱਛੋਂ ਜਿਆਦਾਤਰ ਔਰਤਾਂ ਇੱਕ ਤੋਂ ਤਿੰਨ ਦਿਨਾਂ ਵਿੱਚ ਆਮ ਰੂਪ ਚ ਕੰਮਕਾਰ ਕਰਨ ਲਗਦੀਆਂ ਹਨ। ਦਰਅਸਲ ਇਸ ਅਮਲ ਦੌਰਾਨ ਇੱਕ ਇੰਟਰਵੈਨਸ਼ਨਲ ਰੇਡੀਓਲੋਜਿਸਟ ਚਮੜੀ ਤੇ ਇੱਕ ਅਤੀ ਸੂਖਮ ਸੁਰਾਖ ਕਰਕੇ ਪੇਟ ਦੇ ਹੇਠਲੇ ਹਿੱਸੇ ਤੋਂ ਨਾਲ ਹੀ ਇੱਕ ਨਾਲੀ (ਕਥੀਟਰ) ਪਾ ਕੇ ਇੰਜੀਓਗਰਾਫੀ ਕਰਦਾ ਹੈ ਫਿਰ ਪ੍ਰਭਾਵਿਤ ਵੇਨ ਤੱਕ ਛੋਟਾ ਜਿਹਾ ਛੱਲਾ (ਕੋਆਇਲ ਜਾਂ ਸਟੰਟ) ਪਾਇਆ ਜਾਂਦਾ ਹੈ,ਜੋ ਕਿ ਅਕਸਰ ਪੈਰਾਂ ਚ ਵੀ ਵੈਰੀਕੋਜ਼ ਵੇਨਜ਼ ਨੂੰ ਠੀਕ ਕਰਨ ਲਈ ਵਰਤੇ ਜਾਂਦੇ ਹਨ। ਇਸ ਛੱਲੇ ਜਾਂ ਕੋਆਇਲ ਨਾਲ ਵੈਰੀਕੋਜ਼ ਵੇਨਜ਼ ਨੂੰ ਠੀਕ ਕਰ ਦਿੱਤਾ ਜਾਂਦਾ ਹੈ। ਲਾਭ : ਇਹ ਖਾਤਰ ਮਰੀਜ਼ ਨੂੰ ਬੇਹੋਸ਼ ਕਰਨ ਦੀ ਲੋੜ ਨਹੀਂ ਪੈਂਦੀ। ਚਮੜੀ ਤੇ ਇੱਕ ਬਰੀਕ ਸੁਰਾਖ ਕਰਕੇ ਇਹ ਅਮਲ ਕੀਤਾ ਜਾਂਦਾ ਹੈ। ਰੋਗੀ ਦੂਜੀਆਂ ਤਕਨੀਕਾਂ ਦੇ ਮੁਕਬਲਤਨ ਛੇਤੀ ਠੀਕ ਹੁੰਦੇ ਹਨ। ਪੇਟ ਤੇ ਓਪਰੇਸ਼ਨ ਦਾ ਕੋਈ ਦਾਗ ਨਹੀਂ ਰਹਿੰਦਾ। ਇਸ ਤਕਨੀਕ ਨੂੰ ਵਾਰ ਵਾਰ ਕਰਨ ਦੀ ਲੋੜ ਨਹੀਂ ਰਹਿੰਦੀ। ਖ਼ੂਨ ਦਾ ਕੋਈ ਨੁਕਸਾਨ ਨਹੀਂ ਹੁੰਦਾ ਜਾਂ ਫਿਰ ਖ਼ੂਨ ਚੜਾਉਣ ਦਾ ਕੋਈ ਲੋੜ ਨਹੀਂ ਪੈਂਦੀ। ਇਹ ਪ੍ਰਕਿਰਿਆ ਰੋਗੀਆਂ ਲਈ ਭਾਵੁਕ,ਆਰਥਕ ਤੇ ਸ਼ਰੀਰਕ ਤੌਰ ਤੇ ਪੂਰੀ ਤਰ੍ਹਾਂ ਫਾਇਦੇਮੰਦ ਸਾਬਤ ਹੁੰਦੀ ਹੈ।

**ਕੁੱਝ ਹੋਰ ਜਰੂਰੀ ਗੱਲਾਂ :**

ਪੈਲਵਿਕ ਇੰਜੈਕਸ਼ਨ ਸਿੰਡਰੋਮ ਤੋਂ ਪੀੜਤ ਔਰਤਾਂ ਲਗਭਗ 45 ਸਾਲ ਤੋਂ ਘੱਟ ਉਮਰ ਦੀਆਂ ਹਨ ਅਤੇ ਉਹਨਾਂ ਚ ਪ੍ਰਜਣ ਸਮਰਥਾ ਵੀ ਬਰਕਰਾਰ ਰਹਿੰਦੀ ਹੈ। ਬੱਚੇਦਾਨੀ ਚ ਨੀਚੇ ਮੌਜੂਦ ਵੈਰੀਕੋਜ਼ ਗਰਭ ਧਾਰਨ ਦੇ ਕਾਰਨ ਵਧ ਜਾਂਦੀਆਂ ਹਨ। ਪਰ ਉਹਨਾਂ ਕੇਸਾਂ ਚ ਪੈਲਵਿਕ ਕੰਜੈਕਸ਼ਨ ਸਿੰਡਰੋਮ ਨੂੰ ਘੱਟ ਪਾਇਆ ਜਾਂਦਾ ਹੈ ਜਿੱਥੇ ਗਰਭ ਧਾਰਨ ਨਾ ਕੀਤਾ ਗਿਆ ਹੋਵੇ। ਔਰਤ ਰੋਗਾਂ ਦੇ ਮਾਹਰ ਡਾਕਟਰਾਂ ਪਾਸ ਆਉਣ ਵਾਲੀਆਂ ਔਰਤਾਂ ਤੋਂ 15 ਫੀਸਦੀ ਔਰਤਾਂ ਪੈਲਵਿਕ ਕੰਜੈਕਸ਼ਨ ਸਿੰਡਰੋਮ ਦਾ ਸ਼ਿਕਾਰ ਹੁੰਦੀਆਂ ਹਨ। ਅਧਿਆਇਨਾ ਤੋਂ ਪਤਾ ਲੱਗਦਾ ਹੈ ਕਿ ਕਰੋਨਿਕ ਪਿਲਵਿਕ ਪੇਨ /ਦਰਦ ਤੇ 30 ਫੀਸਦੀ ਕੇਸਾਂ ਚ ਦਰਦ ਦਾ ਕਾਰਨ ਪੈਲਵਿਕ ਕੰਜੇਕਸ਼ਨ ਕੰਡੀਸ਼ਨ ਸਿੰਡਰੋਮ ਹੀ ਹੁੰਦਾ ਹੈ ਬਾਕੀ ਦੇ ਹੋਰ 15 ਫੀਸਦੀ ਕੇਸਾਂ ਚ ਹੋਰ ਕਾਰਨ ਵੀ ਹੋ ਸਕਦੇ ਹਨ

-ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156 29301

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਸੁਆਹ..**

ਸਾਥੀਆਂ ਦੀਆਂ ਪ੍ਰਾਪਤੀਆਂ 'ਤੇ ਸੜਦੇ ਰਹਿਣ ਦਾ ਸੁਭਾਅ ਬਣ ਗਿਆ ਤਾਂ ਮਨ ਅੰਦਰਲੀ ਤਾਕਤ ਦੀ ਇਕਾਗਰਤਾ ਹੌਲੀ ਹੌਲੀ ਸੜ ਕੇ ਸੁਆਹ ਹੋਣ ਲੱਗ ਪੈਂਦੀ ਹੈ। ਬਚੋ॥ ਆਪਣੀਆਂ ਭੈੜਾਂ ਪਛਾਣੋ। ਇੱਕ ਇੱਕ ਕਰਕੇ ਆਸ਼ਾਵਾਦ ਦੀ ਧੂਣੀ 'ਚ ਸਾੜਦੇ ਜਾਵੋ। ਪਿੱਛੇ ਬਾਕੀ ਰਹਿ ਜਾਂਦੀ ਹੈ ਪਵਿੱਤਰ ਸੁਆਹ, ਗੁਣਾ ਦੀ ਗੁਥਲੀ। ਨਰਮ, ਨਿਮਰ, ਹਲਕੀ,ਪਿਆਰੀ ਆਪਣੀ ਹੀ ਮਿੱਟੀ 'ਚ ਮਿਲਣ ਲਈ ਤਿਆਰ ਬਰ ਤਿਆਰ॥ ਕਿਸੇ ਨੂੰ ਸੇਕ ਕੇ, ਤਪ ਕੇ, ਜਲ ਕੇ, ਸੜ ਕੇ, ਕੁੱਝ ਪਕਾ ਕੇ ਅਤੇ ਭੁੱਖ ਮਿਟਾ ਕੇ ਹੀ ਬਾਲਣ ਸੁਆਹ ਬਣਦੈ। ਦੂੱਜਿਆਂ ਲਈ ਆਪਾ ਵਾਰ ਖੁੱਦ ਸੁਆਹ ਹੋਣਾ ਕਰਮਾਂ ਵਾਲਿਆਂ ਦੇ ਹੀ ਹਿੱਸੇ ਆਉਂਦੈ॥

**ਧੜੱਲਾ...**

ਕੁੱਝ ਪਾਉਣ ਦੀ ਠਾਨ ਲਈ ਤਾਂ ਪੂਰੇ ਧੜੱਲੇ ਨਾਲ ਕਾਰਜ 'ਚ ਜੁਟੇ ਰਹੋਂਗੇ। ਹੁਣ ਮੰਜ਼ਿਲ ਮਿਲ ਹੀ ਜਾਣੀ ਹੈ॥ ਮਨ ਦਾ ਸੱਚਾ ਅਤੇ ਦਿਲ ਦਾ ਸਾਫ਼ ਬੰਦਾ ਅਕਸਰ ਹਰ ਗੱਲ ਧੜੱਲੇ ਨਾਲ ਪੇਸ਼ ਕਰਦੈ। ਧੜੱਲਾ ਹੌਸਲੇ ਤੇ ਆਤਮ ਵਿਸ਼ਵਾਸ ਨੂੰ ਚਾਰ ਚੰਨ ਲਾ ਦਿੰਦੈ॥ ਨਸ਼ੇ ਰਾਹੀਂ ਧੜੱਲਾ ਪੈਦਾ ਕਰਕੇ ਖੁਸ਼ੀਆਂ ਮਾਨਣ ਵਾਲਾ ਇੱਕ ਦਿਨ ਨਸ਼ੇ ਦੀ ਲੱਤ ਦਾ ਸ਼ਿਕਾਰ ਹੋ ਜਾਂਦੈ। ਅੰਦਰਲੇ ਸਹਿਜ ਅਤੇ ਜੋਸ਼ ਰਾਹੀਂ ਖੁਸ਼ੀਆਂ ਪੈਦਾ ਕਰਨਾ ਸਿੱਖੋ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਰੁੱਸ ਗਿਆ ਮੇਰਾ ਸੋਹਣਾ ਮਾਹੀਆ



ਰੁੱਸ ਗਿਆ ਮੇਰਾ ਸੋਹਣਾ ਮਾਹੀਆ,
ਦੱਸ ਕਿਵੇ ਹੁਣ ਮੈਂ ਮਨਾਵਾਂ ,

ਓਹਦੇ ਨਾਲ ਏ ਜੱਗ ਮੇਰਾ ਵੱਸਦਾ,
ਕਿਹਨੂੰ ਹਾਲ ਸੁਣਾਵਾਂ,

ਮੰਨ ਜਾ ਮੇਰੇ ਸੋਹਣੇ ਸੱਜਣਾ,
ਬਿਨ ਤੇਰੇ ਮੈਂ ਕੁਮਲਾਵਾ,

ਜਿੰਦ ਮੇਰੀ ਹਾਏ ਠਰਦੀ ਜਾਂਦੀ,
ਨੈਣੀ ਨੀਰ ਵਹਾਵਾਂ,

ਔਖਾ ਲੱਗੇ ਸਾਹ ਵੀ ਲੈਂਣਾ,
ਦੱਸ ਮੈਂ ਕਿਧਰੇ ਨੂੰ ਜਾਵਾਂ,

ਕੁੱਛ ਤਾਂ ਸੱਜਣਾ ਬੋਲ ਮੇਰੇ ਲਯੀ,
ਕਦੋਂ ਦੀ ਤਰਲੇ ਪਈ ਪਾਵਾਂ,

ਦਿਨ ਮੇਰਾ ਮਿਨਤਾਂ ਚ ਲੰਘਿਆ,
ਰਾਤੀ ਫੱਟ ਸੀਨੇ ਤੇ ਖਾਵਾਂ,

ਰਾਣੂ ਚੁੱਪ ਤੇਰੀ ਨੇ ਮੋਇਆ ਕਰਤਾ,
ਦੱਸ ਰੂਹ ਨੂੰ ਕਿਵੇਂ ਸਮਜਾਵਾਂ.....

ਗੁਰਜੀਤ ਕੌਰ ਰਾਣੂ

## ਜਿਸ ਦਿਨ ਸੱਜਣਾ ਮੈਂ ਦੁਨੀਆਂ ਤੋਂ ਜਾਵਾਂਗਾ



ਜਿਸ ਦਿਨ ਸੱਜਣਾ ਮੈਂ ਦੁਨੀਆਂ ਤੋਂ ਜਾਵਾਂਗਾ।
ਰੱਬ ਦੀ ਥਾਂ ਮੈਂ ਤੇਰਾ ਨਾਮ ਧਿਆਵਾਂਗਾ।
ਤੈਨੂੰ ਵੀ ਜੋ ਅਮਰ ਸਦੀਵੀ ਕਰ ਦੇਵੇ,
ਐਦਾਂ ਦਾ ਮੈਂ ਨਗ਼ਮਾਂ ਕੋਈ ਲਿਖ ਜਾਵਾਂਗਾ।
ਆਪਣੇ ਸਿਰ ਮੈਂ ਲੈ ਲੈਣਾ ਇਲਜਾਮਾਂ ਨੂੰ,
ਤੈਨੂੰ ਪਾਕਿ-ਪਵਿੱਤਰ ਹੀ ਅਖਵਾਵਾਂਗਾ।
ਹੋਰ ਨਿਭਾਵਣ ਲਈ ਮੈਂ ਤੈਨੂੰ ਕਹਿਣਾ ਨਹੀਂ,
ਜਿੰਨੀ ਨਿਭ ਗਈ ਉਹਦਾ ਸ਼ੁਕਰ ਮਨਾਵਾਂਗਾ।
ਦਿਲ ਦੇ ਦੁੱਖ ਮੈਂ ਦਿਲ ਦੇ ਵਿੱਚ ਹੀ ਰੱਖ ਲੈਣੇ,
ਤੇਰੇ ਬਿਨ ਨਾ ਕਿਸੇ ਨੂੰ ਦੁੱਖ ਸੁਣਵਾਂਗਾ।
ਕੰਨੀਂ ਕੋਈ ਸੁਨਹਿਰੀ ਹੁੰਦੀ ਬੱਦਲਾਂ ਦੀ,
ਮੈਂ ਚੰਗੇ ਵੇਲੇ ਦੀ ਆਸ ਨਾ ਢਾਵਾਂਗਾ।
ਸ਼ਹਿਰ ਤੇਰੇ ਮੈਂ ਆਵਾਂ ਜਾਂ ਹੁਣ ਨਾ ਆਵਾਂ,
ਤੇਰੇ ਖਾਬਾਂ ਵਿੱਚ ਮੁੜ-ਮੁੜਕੇ ਆਵਾਂਗਾ।
ਮੋਮ ਜਿਹਾ ਦਿਲ ਵੀ ਪੱਥਰ ਹੋ ਸਕਦਾ ਏ,
ਦਿਲ ਆਪਣੇ ਨੂੰ ਗੱਲ ਇਹ ਹੁਣ ਸਮਝਾਵਾਂਗਾ।

ਜਸਪਾਲ ਸਿੰਘ ਨਾਗਰਾ(ਮਹਿੰਦਪੁਰੀਆ)
ਪੋਰਟਲੈਂਡ (ਅਮਰੀਕਾ)
+13604481989




ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਆਸ਼ਾ ਵਰਕਰਜ ਯੂਨੀਅਨ ਸਾਂਝਾ ਮੋਰਚਾ ਪੰਜਾਬ ਦਾ ਰੋਸ ਪ੍ਰਦਰਸ਼ਨ ਚੌਥੇ ਦਿਨ ਵਿੱਚ ਸ਼ਾਮਿਲ

## ਨੇੜਲੇ ਰਾਜਾਂ ਵਿੱਚ ਆਸ਼ਾ ਵਰਕਰ ਨੂੰ ਮਿਲਦੀ ਤਨਖਾਹ ਤੇ ਭੱਤੇ ਦੇਣ ਦੀ ਕੀਤੀ ਮੰਗ





ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 20 ਮਾਰਚ

ਆਸ਼ਾ ਵਰਕਰਜ ਯੂਨੀਅਨ ਸਾਂਝਾ ਮੋਰਚਾ ਪੰਜਾਬ ਵੱਲੋ ਮੰਗਾ ਨੂੰ ਲੈ ਕੇ ਬੀਤੇ ਦਿਨਾਂ ਤੋਂ ਸ਼ੁਰੂ ਕੀਤਾ ਗਿਆ ਰੋਸ ਧਰਨਾ ਸ਼ੁਕਰਵਾਰ ਨੂੰ ਇਥੋਂ ਦੇ ਸਿਵਲ ਹਸਪਤਾਲ ਵਿਖੇ ਚੋਥੇ ਦਿਨ ਵੀ ਜਾਰੀ ਰੱਖਦਿਆਂ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।

ਇਸ ਮੌਕੇ ਗੱਲਬਾਤ ਕਰਦਿਆਂ ਜ਼ਿਲ੍ਹਾ ਆਗੂ ਰਾਜਵਿੰਦਰ ਕੌਰ, ਪ੍ਰਸਨ ਕੌਰ, ਮਨਦੀਪ ਕੌਰ ਝਬਾਲ, ਮਨਜੀਤ ਕੌਰ ਗੋਹਲਵੜ, ਸੰਦੀਪ ਕੌਰ ਤਰਨ ਤਾਰਨ ਕਿਹਾ ਕਿ ਆਸ਼ਾ ਵਰਕਰਜ/ ਫੈਸੀਲਿਟੇਟਰਜ ਪਿਛਲੇ ਅਠਾਰਾਂ ਸਾਲ ਤੋਂ ਬੜੀ ਮਿਹਨਤ ਨਾਲ ਸਿਹਤ ਵਿਭਾਗ ਵਿਚ ਦਿਨ ਰਾਤ ਬਹੁਤ ਹੀ ਨਿਗੁਣੇ ਭੱਤੇ ਤੇ ਘੱਟ ਤਨਖਾਹ ਤੇ ਕੰਮ ਕਰ ਰਹੀਆਂ ਹਨ ਜੋ ਇਕ ਸਰਕਾਰੀ ਵਰਕਰ ਨਾਲ ਕੋਝਾ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਆਸ਼ਾ ਵਰਕਰਾ ਨੂੰ ਉਹਨਾਂ ਦੀਆਂ ਤਨਖਾਹਾਂ ਦੁਗਣੀਆਂ ਕਰਨ ਦਾ ਵਾਅਦਾ ਕੀਤਾ ਸੀ ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਿਰਫ ਲਾਰੇ ਹੀ ਮਿਲੇ ਹਨ। ਉਨਾਂ ਕਿਹਾ ਕਿ ਔਰਤਾਂ ਦੇ ਹੱਕ ਵਿੱਚ ਹੋਕਾ ਦੇਣ ਵਾਲੀ ਸੂਬਾ ਨੇ ਸਿਰਫ ਔਰਤਾਂ ਦੇ ਹੱਕ ਵਿੱਚ ਲਾਰੇ ਹੀ ਲਾਏ ਹਨ। ਜੇਕਰ ਔਰਤਾਂ ਨੇ ਇਕੱਠਿਆਂ ਹੋ ਕੇ ਆਪਣੇ ਹੱਕਾਂ ਦੀ ਮੰਗ ਕੀਤੀ ਤਾਂ ਉਨਾਂ ਤੇ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਬੀਤੇ ਦਿਨ ਸੰਗਰੂਰ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੇ ਜਾ ਰਹੇ ਰੋਸ਼ ਪ੍ਰਦਰਸ਼ਨ ਦੌਰਾਨ ਔਰਤਾਂ ਤੇ ਕੀਤੇ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ। ਇਸ ਮੌਕੇ ਉਨ੍ਹਾਂ ਮੰਗ ਕੀਤੀ ਕਿ ਜਿਸ ਤਰ੍ਹਾਂ ਗੁਆਂਢੀ ਸੂਬਿਆਂ ਵਿੱਚ ਆਸ਼ਾ ਵਰਕਰ ਨੂੰ ਤਨਖਾਹਾਂ ਮਿਲ ਰਹੀਆਂ ਹਨ ਉਸੇ ਤਰਜ ਤੇ ਸੂਬਾ ਸਰਕਾਰ ਸਾਨੂੰ ਵੀ ਤਨਖਾਹਾ ਦੇ ਕੇ ਸਾਡੀਆਂ ਮੰਗਾਂ ਵੱਲ ਜਲਦ ਧਿਆਨ ਦੇਵੇ। ਆਸ਼ਾ ਵਰਕਰਾਂ ਦੀ ਸੇਵਾ ਮੁਕਤੀ ਮੌਕੇ ਉਨਾਂ ਨੂੰ ਬਾਕੀ ਮੁਲਾਜ਼ਮਾਂ ਦੀ ਤਰ੍ਹਾਂ ਫੰਡ ਜਾਰੀ ਕੀਤੇ ਜਾਣ।ਉਨ੍ਹਾਂ ਕਿਹਾ ਕਿ ਜੇਕਰ 28 ਮਾਰਚ ਤੱਕ ਮੁੱਖ ਮੰਤਰੀ ਪੰਜਾਬ ਨੇ ਸਾਡੇ ਨਾਲ ਮੀਟਿੰਗ ਨਾ ਕੀਤੀ ਜਾਂ ਸਾਡੀਆਂ ਮੰਗਾਂ ਵੱਲ ਕੋਈ ਵੀ ਧਿਆਨ ਨਾ ਦਿੱਤਾ ਤਾਂ ਸਮੁੱਚੀਆਂ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਵੱਡੇ ਪੱਧਰ ਤੇ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਨੀਲੂ ਝਬਾਲ, ਰੂਪਵਿੰਦਰ ਕੌਰ, ਪਰਮਜੀਤ ਕੌਰ ਮਾਲੂਵਾਲ, ਪ੍ਰਭਜੀਤ ਕੌਰ, ਰਾਜਵਿੰਦਰ ਕੌਰ ਮਾਣੋਚਾਹਲ, ਜਗਦੀਸ਼ ਕੌਰ ਬਹਿਲਾ, ਪੂਨਮ ਤਰਨ ਤਾਰਨ, ਪੱਲਵੀ, ਰਾਜ ਸ਼ਰਮਾ ਪੰਜਵੜ, ਗੁਰਪ੍ਰੀਤ ਕੌਰ ਵਾਂ, ਕੰਵਲਜੀਤ ਕੌਰ ਤਰਨ ਤਾਰਨ, ਅਮਰਜੀਤ ਕੌਰ ਮੰਨਣ, ਸਿੰਦਰਪਾਲ ਕੌਰ ਕੱਦਗਿਲ, ਦਵਿੰਦਰ ਕੌਰ, ਪੂਨਮ ਕੁਮਾਰੀ ਤਰਨ ਤਾਰਨ ਆਦਿ ਆਗੂ ਹਾਜਰ ਸਨ।

# ਦਰਬਾਰ ਸਾਹਿਬ ਤਰਨ ਤਾਰਨ: ਜੋੜਾ ਘਰ ਤੇ ਗੱਠੜੀ ਘਰ ਦੀ ਸੇਵਾ ਹੋਈ ਆਰੰਭ



***ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ, ਬਾਬਾ ਮਹਿੰਦਰ ਸਿੰਘ ਸਮੇਤ ਪ੍ਰਮੁੱਖ ਸਖਸ਼ੀਅਤਾਂ ਰਹੀਆਂ ਮੌਜੂਦ***

***ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਨੂੰ ਸੌਂਪੀ ਗਈ ਹੈ ਕਾਰਸੇਵਾ***

ਤਰਨ ਤਾਰਨ ਸਾਹਿਬ/ਅੰਮ੍ਰਿਤਸਰ, 20 ਮਾਰਚ-

ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ ਦਰਸ਼ਨੀ ਡਿਉੜੀ ਦੇ ਬਾਹਰ ਸੰਗਤਾਂ ਦੀ ਸਹੂਲਤ ਲਈ ਮੋਟਰਸਾਈਕਲ ਤੇ ਸਕੂਟਰ ਸਟੈਂਡ, ਜੋੜਾ ਘਰ, ਗਠੜੀ ਘਰ ਅਤੇ ਸੰਗਤਾਂ ਲਈ ਵਾਸਰੂਮ ਬਨਾਉਣ ਲਈ ਕਾਰ ਸੇਵਾ ਦੀ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਵਲੋਂ ਪ੍ਰਮੁੱਖ ਸਖਸ਼ੀਅਤਾਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਟੱਕ ਲਗਾ ਕੇ ਸੁ਼ਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਦੀਵਾਨ ਹਾਲ ਵਿਖੇ ਗੁਰਬਾਣੀ ਕੀਰਤਨ ਮਗਰੋਂ ਕਾਰ ਸੇਵਾ ਦੀ ਆਰੰਭਤਾ ਦੀ ਅਰਦਾਸ ਹੋਈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸੰਗਤਾਂ ਦੀ ਮੰਗ ਅਨੁਸਾਰ ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਬਾਹਰ ਬੇਸਮੈਂਟ ਵਿਚ ਮੋਟਰਸਾਈਕਲ ਤੇ ਸਕੂਟਰ ਸਟੈਂਡ ਤਿਆਰ ਕੀਤਾ ਜਾਵੇਗਾ। ਇਸ ਉਪਰ ਜੋੜਾ ਘਰ ਤੇ ਗੱਠੜੀ ਘਰ ਤਿਆਰ ਹੋਵੇਗਾ। ਇਸੇ ਤਰ੍ਹਾਂ ਸੰਗਤਾਂ ਦੀ ਸਹੂਲਤ ਲਈ ਵਾਸ਼ਰੂਮ ਵੀ ਤਿਆਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਰੇ ਕਾਰਜ ਦੀ ਸੇਵਾ ਬਾਬਾ ਜਗਤਾਰ ਸਿੰਘ ਬਾਬਾ ਮਹਿੰਦਰ ਸਿੰਘ ਕਾਰ ਸੇਵਾ ਤਰਨ ਤਾਰਨ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਕਈ ਹੋਰ ਗੁਰਦੁਆਰਾ ਸਾਹਿਬਾਨ ਅਤੇ ਅਸਥਾਨਾਂ ਦੀਆਂ ਸੇਵਾਵਾਂ ਸੰਗਤਾਂ ਦੇ ਸਹਿਯੋਗ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਾਰਜ਼ ਤੇ ਵੀ ਕਰੀਬ 5 ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਹੈ। ਉਨ੍ਹਾਂ ਸੰਗਤਾਂ ਨੂੰ ਗੁਰੂ ਘਰ ਦੀਆਂ ਇਨ੍ਹਾਂ ਸੇਵਾਵਾਂ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਸ. ਗੁਰਬਖਸ਼ ਸਿੰਘ ਖਾਲਸਾ, ਸ. ਅਮਰਜੀਤ ਸਿੰਘ ਭਲਾਈਪੁਰ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਐਕਸੀਅਨ ਸ. ਸੁਖਜਿੰਦਰ ਸਿੰਘ, ਬਾਬਾ ਕਾਰਜ ਸਿੰਘ, ਬਾਬਾ ਅਵਤਾਰ ਸਿੰਘ ਭੈਲ, ਬਾਬਾ ਰਣਜੀਤ ਸਿੰਘ, ਬਾਬਾ ਅਵਤਾਰ ਸਿੰਘ, ਮੈਨੇਜਰ ਸ. ਹਰਜਿੰਦਰ ਸਿੰਘ ਪੱਟੀ, ਸ. ਭਗਵੰਤ ਸਿੰਘ, ਸ. ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

# ਨਰਸਰੀਆਂ 'ਚ ਸਿਹਤ ਵਿਭਾਗ ਵੱਲੋਂ ਡੇਂਗੂ-ਮਲੇਰੀਆ ਪ੍ਰਤੀ ਜਾਗਰੂਕਤਾ ਮੁਹਿੰਮ



**ਚੋਹਲਾ ਸਾਹਿਬ 20 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਐਪੀਡਿਮੋਲੋਜਿਸਟ ਡਾਕਟਰ ਰਾਘਵ ਗੁਪਤਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਸੁਖਮਨੀ ਕੌਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਪਿੰਡ ਸਰਹਾਲੀ ਕਲਾਂ ਵਿਖੇ ਵੱਖ ਵੱਖ ਨਰਸਰੀਆਂ ਤੇ ਜਾਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਡੇਂਗੂ,ਮਲੇਰੀਆ ਅਤੇ ਚਿਕਨਗੁਨੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਜਸਪ੍ਰੀਤ ਸਿੰਘ ਹੈਲਥ ਸੁਪਰਵਾਈਜ਼ਰ ਨੇ ਦੱਸਿਆ ਕਿ ਅੱਜ ਉਹਨਾਂ ਦੀ ਟੀਮ ਵੱਲੋਂ ਵੱਖ ਵੱਖ ਨਰਸਰੀ ਮਾਲਕਾਂ ਅਤੇ ਉੱਥੇ ਕੰਮ ਕਰਨ ਵਾਲਿਆਂ ਨੂੰ ਡੇਂਗੂ,ਮਲੇਰੀਆ ਅਤੇ ਚਿਕਨਗੁਨੀਆ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਬਰਸਾਤੀ ਦਿਨਾਂ ਅੰਦਰ ਆਪਣੇ ਗਮਲਿਆਂ ਵਿੱਚ ਅਤੇ ਟੋਇਆਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਇਸ ਪਾਣੀ ਵਿੱਚ ਭਿਆਨਕ ਬਿਮਾਰੀਆਂ ਫੈਲਾਉਣ ਵਾਲੇ ਮੱਛਰ ਪੈਦਾ ਹੁੰਦੇ ਹਨ।ਇਸ ਸਮੇਂ ਹੈਲਥ ਵਰਕਰ ਜਸਪਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਆਪਣੇ ਘਰਾਂ ਦੀਆਂ ਛੱਤਾਂ ਤੇ ਪਏ ਟੁੱਟੇ ਟਾਇਰਾਂ ਵਿੱਚ ਵੀ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਆਪਣਾ ਆਲਾ ਦੁਆਲਾ ਸਾਫ ਸੁਥਰਾ ਰੱਖਣਾ ਚਾਹੀਦਾ ਹੈ।ਇਸ ਸਮੇਂ ਹੈਲਥ ਵਰਕਰ ਗੁਰਪਵਿੱਤਰ ਸਿੰਘ ਨੇ ਦੱਸਿਆ ਕਿ ਜੇਕਰ ਤੁਹਾਨੂੰ ਤੇਜ਼ ਬੁਖਾਰ,ਤੇਜ਼ ਸਿਰ ਦਰਦ ਹੈ ਤਾਂ ਤੁਰੰਤ ਨਜਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਤੁਰੰਤ ਇਲਾਜ ਕੀਤਾ ਜਾ ਸਕੇ।ਉਹਨਾਂ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਪੂਰਾ ਤਨ ਢੱਕਣ ਵਾਲੇ ਕਪੜੇ ਪਾਉਣੇ ਚਾਹੀਦੇ ਹਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

# ਬੇਅਦਬੀ ਮਾਮਲਿਆਂ ਨੂੰ ਲੈ ਕੇ ਸਰਕਾਰ ਸੰਜੀਦਾ ਹੋਵੇ- ਐਡਵੋਕੇਟ ਧਾਮੀ



ਅੰਮ੍ਰਿਤਸਰ, 20 ਮਾਰਚ-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਸਬੰਧੀ ਸ਼੍ਰੋਮਣੀ ਕਮੇਟੀ ਦੁਆਰਾ ਪੰਜਾਬ ਸਰਕਾਰ ਤੋਂ ਮੰਗੀਆਂ ਜਾਣਕਾਰੀਆਂ ਮੁਹੱਈਆ ਨਾ ਕਰਵਾਉਣ 'ਤੇ ਸਵਾਲ ਚੁੱਕੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਵੇਂ ਹਰ ਧਰਮ ਦੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਜਾਗਤ ਜੋਤਿ ਗੁਰੂ ਹਨ। ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਵਿਸ਼ੇਸ਼ ਕਾਨੂੰਨੀ ਪ੍ਰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਚੱਲ ਰਹੇ ਬੇਅਦਬੀ ਦੇ ਕੇਸਾਂ ਵਿਚ ਵੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਯਕੀਨੀ ਹੋਣੀਆਂ ਚਾਹੀਦੀਆਂ ਹਨ, ਨਾ ਕਿ ਇਹ ਕੇਵਲ ਸਿਆਸੀ ਮੁੱਦਾ ਬਣ ਕੇ ਰਹੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵੱਲੋਂ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਲਿਆਂਦਾ ਗਿਆ, ਪਰੰਤੂ ਸਰਕਾਰ ਦੀ ਇਸ ਸਬੰਧੀ ਹੁਣ ਤਕ ਦੀ ਪਹੁੰਚ ਨਿਰਾਸ਼ਾਜਨਕ ਹੀ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਗਠਤ ਸਲੈਕਟ ਕਮੇਟੀ ਨੇ ਸ਼੍ਰੋਮਣੀ ਕਮੇਟੀ ਪਾਸੋਂ ਇਸ ਬਿੱਲ ਸਬੰਧੀ ਸੁਝਾਅ ਮੰਗੇ ਸਨ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ 15 ਮੈਂਬਰੀ ਉੱਚ ਪੱਧਰੀ ਕਮੇਟੀ ਗਠਤ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਦੀਆਂ ਸਮੇਂ-ਸਮੇਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਸਲੈਕਟ ਕਮੇਟੀ ਤੋਂ ਕੁਝ ਜ਼ਰੂਰੀ ਜਾਣਕਾਰੀਆਂ ਦੀ ਮੰਗ ਕੀਤੀ ਸੀ, ਜਿਸ ਪ੍ਰਤੀ ਸਰਕਾਰ ਦੀ ਸਲੈਕਟ ਕਮੇਟੀ ਨੇ ਅਜੇ ਤੱਕ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਆਪਣੇ ਸੁਝਾਅ ਅਤੇ ਰਾਏ ਰਿਪੋਰਟ ਜ਼ਰੂਰੀ ਜਾਣਕਾਰੀਆਂ ਮਿਲਣ ਬਾਅਦ ਹੀ ਦੇ ਸਕਦੀ ਹੈ, ਲੇਕਿਨ ਸਰਕਾਰ ਇਸ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਰਹੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪਵਿੱਤਰ ਧਾਰਮਿਕ ਗ੍ਰੰਥਾਂ ਵਿੱਚੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਵਡਿਆਈ ਜਾਗਤ ਜੋਤ ਅਤੇ ਹਾਜ਼ਰ ਨਾਜ਼ਰ ਸਤਿਗੁਰੂ ਵਜੋਂ ਹੈ, ਜਿਸ ਲਈ ਉਕਤ ਬਿੱਲ ਸਬੰਧੀ ਇਹ ਪੱਖ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਲੈਕਟ ਕਮੇਟੀ ਨੂੰ ਸੁਝਾਅ ਹਰ ਪੱਖ ਨੂੰ ਮੁਕੰਮਲ ਘੋਖ ਕੇ ਹੀ ਦਿੱਤੇ ਜਾ ਸਕਣੇ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਮੰਗੀਆਂ ਜਾਣਕਾਰੀਆਂ ਦੇਵੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਕਈ ਪੱਤ੍ਰਿਕਾਵਾਂ ਲਿਖ ਕੇ ਰਿਕਾਰਡ ਅਤੇ ਜਾਣਕਾਰੀਆਂ ਦੀ ਮੰਗ ਕੀਤੇ ਜਾਣ ਦੇ ਬਾਵਜੂਦ ਵੀ ਸਰਕਾਰ ਦੀ ਸਲੈਕਟ ਕਮੇਟੀ ਵੱਲੋਂ ਜਾਣਬੁਝ ਕੇ ਮੁਹੱਈਆ ਨਾ ਕਰਵਾਉਣਾ ਬਹੁਤ ਹੀ ਮੰਦਭਾਗਾ, ਪੱਖਪਾਤੀ ਅਤੇ ਰਾਜਸੀ ਹਿੱਤਾਂ ਵਾਲਾ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਬਤ ਹੋ ਰਿਹਾ ਹੈ ਕਿ ਸਲੈਕਟ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦੇਣ ਲਈ ਜਾਰੀ ਕੀਤਾ ਗਿਆ ਪੱਤਰ ਮਹਿਜ ਇਕ ਵਿਖਾਵਾ ਹੈ, ਇਸ ਤੋਂ ਇਲਾਵਾ ਇਸ ਵਿਚ ਕੋਈ ਸੰਜੀਦਗੀ ਦੀ ਭਾਵਨਾ ਨਹੀਂ ਹੈ। ਐਡਵੋਕੇਟ ਧਾਮੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਮੰਗੀਆਂ ਜਾਣਕਾਰੀਆਂ ਸਰਕਾਰ ਮੁਹੱਈਆ ਨਹੀਂ ਕਰਵਾਉਂਦੀ ਤਾਂ ਇਹ ਸਮਝਿਆ ਜਾਵੇਗਾ ਕਿ ਸਰਕਾਰ ਇਸ ਬਿੱਲ ਪ੍ਰਤੀ ਗੰਭੀਰ ਨਹੀਂ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੇਅਦਬੀਆਂ ਸਬੰਧੀ ਕਾਨੂੰਨ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਵੱਲੋਂ ਸਮਾਣਾ ਵਿਖੇ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਹੀ ਇਸ ਸੰਘਰਸ਼ ਨੂੰ ਪੂਰਨ ਤੌਰ 'ਤੇ ਹਮਾਇਤ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੇ ਮਾਮਲੇ 'ਤੇ ਕਿਸੇ ਵੀ ਧਿਰ ਨੂੰ ਸਿਆਸਤ ਨਹੀਂ ਕਰਨੀ ਚਾਹੀਦੀ, ਸਗੋਂ ਇਸ ਸੰਜੀਦਾ ਮਾਮਲੇ ਸਬੰਧੀ ਸਿਰ ਜੋੜ ਖੜ੍ਹਨਾ ਚਾਹੀਦਾ ਹੈ।

# ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ ਨੂੰ ਵੱਖ ਵੱਖ ਸਮਾਜ ਸੇਵੀਆਂ ਵੱਲੋਂ ਅੰਤਿਮ ਵਿਦਾਇਗੀ ਦਿੱਤੀ ਗਈ



**ਬਾਘਾਪੁਰਾਣਾ 20 ਮਾਰਚ (ਸਾਧੂ ਰਾਮ ਲੰਗੇਆਣਾ) ।**

ਇਲਾਕੇ ਦੀ ਜਾਣੀ ਪਹਿਚਾਣੀ ਮਹਾਨ ਸਖ਼ਸ਼ੀਅਤ ਉੱਘੇ ਰੰਗਕਰਮੀ ਅਤੇ ਸਾਹਿਤ ਸਭਾ ਰਜਿ ਬਾਘਾਪੁਰਾਣਾ ਦੇ ਸਰਪ੍ਰਸਤ ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ ਸਦੀਵੀ ਵਿਛੋੜਾ ਦੇ ਗਏ ਹਨ। ਜਿਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਪਿੰਡ ਨੱਥੂਵਾਲਾ ਗਰਬੀ ਦੇ ਸ਼ਮਸ਼ਾਨਘਾਟ ਵਿਖੇ ਹੋਇਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅਗਨੀ ਭੇਟ ਉਨ੍ਹਾਂ ਦੇ ਸਪੁੱਤਰ ਗੁਰਮੀਤ ਸਿੰਘ ਅਤੇ ਮਨਪ੍ਰੀਤ ਸਿੰਘ ਵੱਲੋਂ ਕੀਤੀ ਗਈ। ਅੰਤਿਮ ਸੰਸਕਾਰ ਤੋਂ ਪਹਿਲਾਂ ਕਾਮਰੇਡ ਕੁਲਦੀਪ ਸਿੰਘ ਭੋਲਾ ਜ਼ਿਲ੍ਹਾ ਸਕੱਤਰ ਮੋਗਾ ਸੀ ਪੀ ਆਈ, ਕਾਮਰੇਡ ਗੁਰਮੀਤ ਸਿੰਘ ਬਲਾਕ ਸਕੱਤਰ ਬਾਘਾਪੁਰਾਣਾ, ਡਾ ਇੰਦਰਵੀਰ ਸਿੰਘ ਗਿੱਲ ਸਾਬਕਾ ਐਸ ਐਮ ਓ, ਕਾਮਰੇਡ ਸ਼ੇਰ ਸਿੰਘ ਦੌਲਤਪੁਰਾ ਬਲਾਕ ਸਕੱਤਰ ਮੋਗਾ, ਕਾਮਰੇਡ ਸੂਰਤ ਸਿੰਘ ਜ਼ਿਲ੍ਹਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਕਾਮਰੇਡ ਗੁਰਚਰਨ ਸਿੰਘ ਦਾਤੇਵਾਲ ਕਿਸਾਨ ਆਗੂ, ਕਾਮਰੇਡ ਹਰਦਿਆਲ ਸਿੰਘ ਘਾਲੀ, ਕਾਮਰੇਡ ਗੁਰਮੇਲ ਸਿੰਘ ਰੱਜੀ ਵਾਲ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਦਾ ਝੰਡਾ ਅਤੇ ਦੋਸ਼ਾਲਾ, ਸਾਹਿਤ ਸਭਾ ਰਜਿ ਬਾਘਾਪੁਰਾਣਾ ਦੇ ਨੁਮਾਇੰਦਿਆਂ ਪ੍ਰਧਾਨ ਡਾ ਸਾਧੂ ਰਾਮ ਲੰਗੇਆਣਾ, ਗੁਰਮੀਤ ਸਿੰਘ ਕੜਿਆਲਵੀ ਭਲਾਈ ਅਫ਼ਸਰ, ਲਖਵੀਰ ਸਿੰਘ ਕੋਮਲ,ਕਰਮ ਸਿੰਘ ਕਰਮ, ਹਰਚਰਨ ਸਿੰਘ ਰਾਜੇਆਣਾ, ਹਰਵਿੰਦਰ ਸਿੰਘ ਰੋਡੇ, ਕੰਵਲਜੀਤ ਭੋਲਾ ਲੰਡੇ, ਮਾਸਟਰ ਜੇ ਪੀ ਬਰਾੜ ਨੱਥੂਵਾਲਾ ਵੱਲੋਂ ਕਾਮਰੇਡ ਜੋਗਿੰਦਰ ਸਿੰਘ ਨਾਹਰ ਦੀ ਮ੍ਰਿਤਕ ਦੇਹ ਤੇ ਲੋਈ ਭੇਟ ਕਰਕੇ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਪਰਿਵਾਰਕ ਮੈਂਬਰ ਗੁਰਦੀਪ ਸਿੰਘ ਰਟੌਲ, ਕਰਮਜੀਤ ਕੌਰ, ਪਰਮਜੀਤ ਕੌਰ ਅਤੇ ਮਾਸਟਰ ਭਜਨ ਸਿੰਘ ਨੱਥੂਵਾਲਾ, ਮਾਸਟਰ ਬਲਵਿੰਦਰ ਸਿੰਘ ਬੁੱਧ ਸਿੰਘ ਵਾਲਾ, ਹਰਦੇਵ ਸਿੰਘ ਸ਼ਕੂਰ, ਗੁਰਬਖਸ਼ ਸਿੰਘ ਜੇ ਈ ਸ਼ਕੂਰ, ਭਜਨ ਸਿੰਘ ਫ਼ੌਜੀ, ਛਿੰਦਾ ਸਿੰਘ, ਪਿੰਡ ਦੇ ਪੰਚਾਇਤੀ ਪਤਵੰਤੇ, ਨਗਰ ਨਿਵਾਸੀ ਅਤੇ ਹੋਰ ਬਹੁਤ ਸਾਰੇ ਸ਼ੋਕ ਸੁਨੇਹੀ ਵੀ ਹਾਜ਼ਰ ਸਨ।

ਤਸਵੀਰ,,,, ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ ਨੂੰ ਵੱਖ ਵੱਖ ਸਮਾਜ ਸੇਵੀ ਅੰਤਿਮ ਵਿਦਾਇਗੀ ਦਿੰਦੇ ਹੋਏ।

# ਯੂਕੇ ਦੇ ਐਮਪੀ ਬੀਬੀ ਪ੍ਰੀਤ ਕੌਰ ਗਿੱਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



**ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਸਨਮਾਨਿਤ ।**


ਅੰਮ੍ਰਿਤਸਰ, 20 ਮਾਰਚ-
ਯੂਕੇ ਬਰਮਿੰਘਮ ਦੇ ਐਜਬੈਸਟਨ ਤੋਂ ਐਮਪੀ ਬੀਬੀ ਪ੍ਰੀਤ ਕੌਰ ਗਿੱਲ ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਨਤਮਸਤਕ ਹੋਣ ਉਪਰੰਤ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵੀ ਪੁੱਜੇ, ਜਿਥੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਬੀ ਪ੍ਰੀਤ ਕੌਰ ਗਿੱਲ ਨੂੰ ਜੀ-ਆਇਆਂ ਆਖਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਬਖ਼ਸ਼ਿਸ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬੀਬੀ ਪ੍ਰੀਤ ਕੌਰ ਗਿੱਲ ਨੇ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣੇ ਆਪ ਨੂੰ ਵਡਭਾਗਾ ਸਮਝਦੇ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਲਈ ਰਾਹ-ਦਸੇਰਾ ਹੈ। ਐਮਪੀ ਬਣਨ ਮਗਰੋਂ ਉਹ ਗੁਰੂ ਸਾਹਿਬ ਦਾ ਸ਼ੁਕਰਾਨਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਵਿਸ਼ਵ ਅੰਦਰ ਬਣੇ ਮੌਜੂਦਾ ਜੰਗ ਦੇ ਹਾਲਾਤ ਸੁਖਾਵੇਂ ਹੋਣ ਅਤੇ ਸਮੁੱਚਾ ਵਿਸ਼ਵ ਸ਼ਾਂਤੀ ਨਾਲ ਵਧੇ ਫੁੱਲੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਅਜਮੇਰ ਸਿੰਘ ਖੇੜਾ, ਸ. ਪ੍ਰਿਤਪਾਲ ਸਿੰਘ ਪਾਲੀ, ਭਾਈ ਅਜੈਬ ਸਿੰਘ ਅਭਿਆਸੀ, ਬੀਬੀ ਪਰਮਜੀਤ ਕੌਰ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ ਤੇ ਹੋਰ ਮੌਜੂਦ ਸਨ।

# ਮਾਨ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਚਾਰ ਸਾਲਾਂ ਦੇ ਕੀਤੇ ਐਲਾਨ ਤੱਥਾਂ ਤੋਂ ਕੋਹਾਂ ਦੂਰ-ਹੇਰ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ, 19 ਮਾਰਚ
ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਦਿੱਤੇ ਗਏ ਭਾਸ਼ਣ ਵਿੱਚ ਸਰਕਾਰ ਨੇ ਚਾਰ ਸਾਲਾਂ ਵਿੱਚ ਸਾਰੇ ਵਾਅਦੇ ਪੂਰੇ ਕਰਨ ਦਾ ਪੰਜਾਬ ਪੈਨਸ਼ਨਰਜ਼ ਫਰੰਟ ਦੇ ਪ੍ਰਧਾਨ ਬਲਦੇਵ ਸਿੰਘ ਹੇਰ ਨੇ ਇਸ ਨੂੰ ਤੱਥਾਂ ਨੂੰ ਕੋਹਾਂ ਦੂਰ, ਹੱਸੋਹੀਣਾ ਦੱਸਿਆ। ਉਨ੍ਹਾਂ ਕਿਹਾ ਹੈ ਕਿ ਸਕਿਉਰਿਟੀ ਨਾਂ ਲੈਣਾ, ਨਸ਼ਾ. ਜੜ੍ਹੋ ਪੁੱਟਣਾ, ਬਰੜਾਗਾੜੀ ਮਸਲੇ ਦਾ ਹੱਲ, ਲੋਕ ਪਾਲ ਬਣਾਉਣਾ, ਰੇਤ ਅਤੇ ਬਜਟ ਵਿੱਚੋ 54000 ਕਰੋੜ ਦੀ ਆਮਦਨ ਕਰਨਾ, ਸਟੇਟ ਉੱਤੇ ਕਰਜੇ ਦੀ ਪੰਡ ਨੂੰ ਘੱਟ ਕਰਨਾ, ਮੁਲਾਜਮਾਂ ਅਤੇ ਪੈਨਸ਼ਨ ਧਾਰਕਾਂ ਨੂੰ ਧਰਨਾ ਲਾਉਣ ਤੋਂ ਬਿਨ੍ਹਾਂ ਮੰਗਾਂ ਦਾ ਨਿਪਟਾਰਾ ਕਰਨ ਦੇ ਵਾਅਦੇ ਹਵਾ ਹਵਾਈ ਹੋ ਗਏ ਹਨ। ਉਨ੍ਹਾਂ ਕਿਹਾ ਹੈ ਕਿ ਇਸ ਸਰਕਾਰ ਦੇ ਸਮੇਂ ਦੌਰਾਨ ਮੁੱਖ ਮੰਤਰੀ ਵੱਲੋਂ ਮੁਲਾਜਮਾਂ ਅਤੇ ਪੈਨਸ਼ਨ ਧਾਰਕਾਂ ਨੂੰ ਮੀਟਿੰਗ ਲਈ ਦਿੱਤੇ ਗਏ ਸਮੇਂ ਤੋਂ ਪਹਿਲਾਂ ਹੀ ਰੱਦ ਕਰ ਦਿੱਤਾ ਜਾਂਦਾ ਰਿਹਾ ਹੈ।ਸਗੋਂ ਮੁਲਜਮਾਂ ਅਤੇ ਪੈਨਸ਼ਨ ਧਾਰਕਾਂ ਉਪਰ ਅੱਥਰੂ ਦੇ ਗੋਲੇ, ਪਾਣੀ ਦੀਆਂ ਬੁਛਾਰਾ ਅਤੇ ਲਾਠੀ ਚਾਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਮਾਨ ਸਰਕਾਰ ਦੇ ਸਮੇਂ ਵਿਚ ਮਹਿੰਗਾਈ ਭੱਤੇ ਦੀਆਂ 7 ਕਿਸਤਾਂ ਬਣਦੀਆਂ ਹਨ।ਜ੍ਹਿਨਾਂ ਵਿਚੋਂ ਜੁਲਾਈ 2022 ਅਤੇ ਜਨਵਰੀ 2023 ਹੀ ਅਦਾ. ਕੀਤੀਆਂ ਹਨ ।

# ਫਰੀਦਕੋਟ ਵਿੱਚ ਵਿਜੀਲੈਂਸ ਦੀ ਵੱਡੀ ਕਾਰਵਾਈ: 18,000 ਰੁਪਏ ਰਿਸ਼ਵਤ ਲੈਂਦਾ ਵੇਅਰਹਾਊਸ ਇੰਸਪੈਕਟਰ ਰੰਗੇ ਹੱਥੀਂ ਕਾਬੂ

ਫਰੀਦਕੋਟ ਜ਼ਿਲ੍ਹੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ ਜਦੋਂ ਉਨ੍ਹਾਂ ਨੇ ਇੱਕ ਸਰਕਾਰੀ ਮੁਲਾਜ਼ਮ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਜਾਣਕਾਰੀ ਅਨੁਸਾਰ, ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵਿੱਚ ਬਤੌਰ ਇੰਸਪੈਕਟਰ ਤਾਇਨਾਤ ਸੀ।

ਵਿਜੀਲੈਂਸ ਦੇ ਬੁਲਾਰੇ ਨੇ ਦੱਸਿਆ ਕਿ ਇਹ ਕਾਰਵਾਈ ਇੱਕ ਸਥਾਨਕ ਵਿਅਕਤੀ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਸੀ ਕਿ ਇੰਸਪੈਕਟਰ ਨੇ ਉਸ ਦੇ ਸਰਕਾਰੀ ਕੰਮ ਨੂੰ ਨੇਪਰੇ ਚਾੜ੍ਹਨ ਲਈ 18,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤ ਦੀ ਪੁਸ਼ਟੀ ਹੋਣ ਤੋਂ ਬਾਅਦ, ਵਿਜੀਲੈਂਸ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਨੂੰ ਰਿਸ਼ਵਤ ਦੀ ਰਕਮ ਲੈਂਦੇ ਹੋਏ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ।

ਪੁਲਿਸ ਨੇ ਮੁਲਜ਼ਮ ਕੋਲੋਂ ਰਿਸ਼ਵਤ ਦੇ ਪੈਸੇ ਬਰਾਮਦ ਕਰ ਲਏ ਹਨ ਅਤੇ ਉਸ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵਿਜੀਲੈਂਸ ਵਿਭਾਗ ਹੁਣ ਇਸ ਗੱਲ ਦੀ ਵੀ ਜਾਂਚ ਕਰ ਰਿਹਾ ਹੈ ਕਿ ਕੀ ਇਸ ਅਧਿਕਾਰੀ ਨੇ ਪਹਿਲਾਂ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਮੂਲੀਅਤ ਕੀਤੀ ਸੀ। ਸਰਕਾਰ ਵੱਲੋਂ ਵਾਰ-ਵਾਰ ਇਹ ਸੰਦੇਸ਼ ਦਿੱਤਾ ਜਾ ਰਿਹਾ ਹੈ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

